A1 Roofing & Siding Ltd.
• ROOFING • SIDING • SOFFIT • STUCCO • HARDIE • FASCIA • EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Chief Editor : Harbans Buttar

Look & Find your dream home with
MANJIT JASWAL REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21 Bravo Realty
403.861.2253


Vol: 13 No: 293 Website : www.punjabiakhbaar.ca Email: editor@punjabiakhbaar.ca Friday, 5 June 2026

## ਲਾਰੈਂਸ ਬਿਸ਼ਨੋਈ ਗੈਂਗ ਵੱਲੋਂ ਕੈਨੇਡਾ ਦੀ ਪੁਲਿਸ ਨੂੰ ਧਮਕੀ

# 1000 ਗੈਂਗਸਟਰ ਫਿਰੌਤੀਆਂ ਦੀਆਂ ਕਾਰਵਾਈਆਂ ਨੂੰ ਅੰਜਾਮ ਦਿੰਦੇ ਹੋਏ ਗੋਲੀਬਾਰੀ ਕਰਨ ਲਈ ਤਿਆਰ ਬਰ ਤਿਆਰ ਹਨ


ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਪੁਲਿਸ ਵੱਲੋਂ ਇੱਕ ਬੇਹਦ ਹੈਰਾਨ ਕਰਨ ਵਾਲੀ ਖਬਰ ਆਈ ਹੈ ਜੋ ਕਿ ਫਿਰੌਤੀਆਂ ਦੇ ਨਾਲ ਜੁੜੀ ਹੋਈ ਹੈ ਅਸਲ ਵਿੱਚ ਇੱਕ ਪੁਲਿਸ ਅਧਿਕਾਰੀ ਨੇ ਖੁਲਾਸਾ ਕੀਤਾ ਹੈ ਕਿ ਲਾਰੈਂਸ ਬਿਸ਼ਨੋਈ ਗੈਂਗ ਵੱਲੋਂ ਬੀਤੇ ਸਾਲ ਕੈਨੇਡਾ ਦੀ ਪੁਲਿਸ ਨੂੰ ਇੱਕ ਚਿੱਠੀ ਲਿਖੀ ਗਈ ਸੀ ਅਤੇ ਦਾਅਵਾ ਕੀਤਾ ਗਿਆ ਸੀ ਕਿ ਬਿਸ਼ਨੋਈ ਗੈਂਗ ਕੋਲ 1000 ਦੇ ਕਰੀਬ ਅਜਿਹੇ ਵਿਅਕਤੀ ਕੈਨੇਡਾ ਵਿੱਚ ਮੌਜੂਦ ਹਨ ਜੋ ਫਿਰੌਤੀਆਂ ਦੀਆਂ ਕਾਰਵਾਈਆਂ ਜਾਂ ਵਾਰਦਾਤਾਂ ਨੂੰ ਅੰਜਾਮ ਦੇਣ ਲਈ ਤਿਆਰ ਬਰ ਤਿਆਰ ਹਨ। ਇਹ ਖੁਲਾਸਾ ਐਡਮਿੰਟਨ ਪੁਲਿਸ ਦੇ ਕਾਂਸਟੇਬਲ ਕੈਵਿਨ ਲੂਈਸ ਵੱਲੋਂ ਕੀਤਾ ਗਿਆ ਹੈ । ਕੈਵਿਨ ਲੂਈਸ ਨੇ ਇਮੀਗਰੇਸ਼ਨ ਅਤੇ ਰਿਫਿਊਜੀ ਬੋਰਡ ਦੇ ਮੈਂਬਰ ਨੂੰ ਇਹ ਜਾਣਕਾਰੀ ਉਸ ਵਕਤ ਦਿੱਤੀ ਜਦੋਂ ਬਿਸ਼ਨੋਈ ਗੈਂਗ ਦੇ ਇੱਕ ਮੈਂਬਰ ਸਬੰਧੀ ਸੁਣਵਾਈ ਕੀਤੀ ਜਾ ਰਹੀ ਸੀ। ਇਸ ਅਧਿਕਾਰੀ ਨੇ ਦੱਸਿਆ ਕਿ ਇਹ ਚਿੱਠੀ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਐਬਟਸਫੋਰਡ ਸ਼ਹਿਰ ਦੀ ਪੁਲਿਸ ਨੂੰ ਲਿਖੀ ਗਈ ਸੀ ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ 1000 ਦੇ ਕਰੀਬ ਵਿਅਕਤੀ ਬਿਸ਼ਨੋਈ ਗੈਂਗ ਵੱਲੋਂ ਗੋਲੀਬਾਰੀ ਕਰਨ ਲਈ ਤਿਆਰ ਬਰ ਤਿਆਰ ਹਨ ਅਤੇ ਇਹ ਵੀ ਆਖਿਆ ਗਿਆ ਸੀ ਕਿ ਹਰੇਕ ਬਿਜ਼ਨਸ ਨੂੰ ਫਿਰੌਤੀ ਦੇਣੀ ਪਵੇਗੀ। ਪੁਲਿਸ ਅਧਿਕਾਰੀ ਲੋਈਸ ਨੇ ਇਹ ਜਾਣਕਾਰੀ ਫਿਰੌਤੀਆ ਜਸ਼ਨਦੀਪ ਸਿੰਘ ਦੇ ਮਾਮਲੇ ਦੀ ਸੁਣਵਾਈ ਦੌਰਾਨ ਦਿੱਤੀ ਕਿਉਂਕਿ ਕੈਨੇਡਾ ਦਾ ਇਮੀਗ੍ਰੇਸ਼ਨ ਮੰਤਰਾਲਾ ਜਸ਼ਨਦੀਪ ਸਿੰਘ ਨੂੰ ਡਿਪੋਰਟ ਕਰਨਾ ਚਾਹੁੰਦਾ ਹੈ। ਪੁਲਿਸ ਅਧਿਕਾਰੀ ਲੂਈਸ ਜੋ ਕਿ ਫਿਰੌਤੀਆਂ ਸਬੰਧੀ ਚੱਲ ਰਹੀ ਜਾਂਚ ਜਿਸ ਨੂੰ ਪ੍ਰੋਜੈਕਟ ਗਾਰਟਰ ਦਾ ਨਾਂ ਦਿੱਤਾ ਗਿਆ ਹੈ ਜਿਸ ਨੂੰ ਪ੍ਰੋਜੈਕਟ ਏਆਈ-ਐਕਸਟੌਰਸ਼ਨ ਵੱਜੋਂ ਵੀ ਜਾਣਿਆ ਜਾਂਦਾ ਹੈ ਦੇ ਮੁੱਖ ਜਾਂਚ ਕਰਤਾ ਹਨ, ਜੋ ਫਰੌਤੀਆਂ ਮੰਗਣ ਵਾਲੇ ਅਤੇ ਉਹਨਾਂ ਦੇ ਅਪਰਾਧ ਕਰਨ ਦੇ ਢੰਗ ਤਰੀਕੇ ਦੀ ਜਾਂਚ ਕਰ ਰਹੇ ਹਨ। ਇਸ ਪੁਲਿਸ ਅਧਿਕਾਰੀ ਨੇ ਟ੍ਰਿਬਿਊਨਲ ਨੂੰ ਦੱਸਿਆ ਕਿ ਕਿ ਸ਼ੁਰੂ ਵਿੱਚ ਪੁਲਿਸ ਦਾ ਮੰਨਣਾ ਸੀ ਕਿ ਕੈਨੇਡਾ ਵਿੱਚ ਫਿਰੌਤੀਆਂ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਲਈ ਲਾਰੈਂਸ ਬਿਸ਼ਨੋਈ ਭਾਰਤ ਦੀ ਜੇਲ ਵਿੱਚੋਂ ਅਪਰੇਟ ਕਰ ਰਿਹਾ ਹੈ ਪਰ ਜਦੋਂ ਜਾਂਚ ਅੱਗੇ ਵਧੀ ਤਾਂ ਜਾਂਚ ਕਰਤਾਵਾਂ ਨੂੰ ਪਤਾ ਲੱਗਾ ਕਿ

**ਬਾਕੀ ਸਫ਼ਾ 23 'ਤੇ**

GOLDEN HARMONY CARE
ਬਜ਼ੁਰਗਾਂ ਦੀ ਸਾਂਭ-ਸੰਭਾਲ ਦਾ ਫਿਕਰ ਛੱਡੋ, ਉਹ ਤੁਹਾਡੇ ਘਰ ਆਕੇ ਅਸੀਂ ਕਰਾਂਗੇ
ਆਪਣੇ ਘਰ ਵਿੱਚ ਮੁਫ਼ਤ ਸਲਾਹ-ਮਸ਼ਵਰੇ ਲਈ ਅੱਜ ਹੀ ਬੁਕਿੰਗ ਕਰੋ।
ਹੁਣੇ ਕਾਲ ਕਰੋ - 403-439-6688
goldenharmonycare@gmail.com
info@goldenharmonycare.ca
www.goldenharmonycare.ca
ਘਰ ਵਿੱਚ ਦੇਖਭਾਲ ਸੇਵਾ
ਨਿੱਜੀ ਦੇਖਭਾਲ
ਡਿਮੈਂਸ਼ੀਆ ਕੇਅਰ
ਖਾਣਾ ਬਣਾਉਣਾ
ਸਫਾਈ
ਸਾਥ-ਸੰਗਤ
ਹੋਸਪਿਸ ਸਮਰਥਨ
ਆਵਾਜਾਈ ਸੇਵਾ
ਰੈਸਪਾਈਟ ਕੇਅਰ
ਨਰਸਿੰਗ ਸੇਵਾਵਾਂ
24 ਘੰਟੇ ਦੇਖਭਾਲ
ਸਰਕਾਰੀ ਫੰਡ ਨਾਲ ਘਰ ਵਿੱਚ ਦੇਖਭਾਲ ਦੀਆਂ ਸੇਵਾਵਾਂ।
Golden Harmony Care ਤੁਹਾਡੀਆਂ ਮਨਜ਼ੂਰਸ਼ੁਦਾ ਸੇਵਾਵਾਂ ਲਈ AHS ਨੂੰ ਸਿੱਧਾ ਬਿਲ ਭੇਜਦਾ ਹੈ, ਬਿਨਾਂ ਕੋਈ ਵਾਧੂ ਖਰਚਾ ਲਏ।
ਕੈਲਗਰੀ, ਐਡਮੰਟਨ ਅਤੇ ਆਲੇ-ਦੁਆਲੇ ਦੇ ਸਾਰੇ ਖੇਤਰਾਂ ਵਿੱਚ ਸੇਵਾ ਪ੍ਰਦਾਨ ਕਰਦਾ ਹੈ
ਮੈਡੀਕਲ ਅਤੇ ਪੈਰਾਮੈਡਿਕ ਤਜਰਬੇ ਵਾਲੀਆਂ ਤੁਹਾਡੀਆਂ ਆਪਣੀਆਂ ਪੰਜਾਬੀ ਕੁੜੀਆਂ


ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ।
ਪੰਜਾਬੀ ਵਿੱਚ ਗੱਲਬਾਤ ਕਰਨ ਲਈ
ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਸੰਪਰਕ ਕਰੋ
Harman Buttar, BA, CIRP, LIT, Managing Partner
harmanb@bnadebtsolutions.ca
Simmie Pandher, Senior Administrator
Simmiep@bnadebtsolutions.ca
• Licensed Insolvency Trustees • Proposal Administrators
BNA Debt Solutions
P: 403-232-6220
F: 403-232-6262
#150, 703-64th Ave. SE
Calgary, AB T2H 2C3
www.bnadebtsolutions.ca

Narmaan Sidhu
Mortgage Expert
License # 510430
ਘਰ ਦੀ ਮਾਰਗੇਜ ਦਾ ਹੱਲ! ਨਰਮਾਣ ਸਿੱਧੂ ਕੋਲ ਚੱਲ
Alberta & Saskatchewan
403.818.0140
narmaan.sidhu@dominionlending.ca
www.NarmaanSidhu.com
THE MORTGAGE FIRM


SAHIL MITTU
Director
+1 548 400 0001
www.affinitycabinets.ca
info@affinitycabinets.ca
Unit - H, 2121 39 Avenue NE, Calgary AB - T2E 6R7
Affinity CABINETS
Closets
Wet Bars
Book Shelving
Cabinetry
ਘਰ ਦੀ ਦਿੱਖ ਵੁੱਡ ਵਰਕ ਵਿੱਚੋਂ ਹੀ ਬੋਲਦੀ ਹੈ
ਨਵੇਂ ਜਾਂ ਪੁਰਾਣੇ ਘਰਾਂ ਵਿੱਚ ਕਿਚਨ ਕੈਬਿਨਟ,ਵੈੱਟਬਾਰ,ਬੁੱਕ ਸ਼ੈਲਫ਼ ਆਦਿ ਦਾ ਸ਼ਾਨਦਾਰ ਅਤੇ ਵਾਜਿਬ ਕੀਮਤ ਉੱਪਰ ਕੰਮ ਕਰਵਾਉਣ ਲਈ ਸੰਪਰਕ ਕਰੋ


CARPET EMPIRE
Calgary Carpet Empire
SALE
CARPET, HARDWOOD, LAMINATE, TILES, VINYL PLANKS, CARPET TILES & LINO
Carpet Starting at $1.99 Sf (Burber material with installation)
FINANCING OPTIONS AVAILABLE
Special Discount Over 2000 Sf
Kam: 403 991 0074
Office: 403 510 1515
2935 19 St NE Calgary(AB) T2E7A2
sales@carpetempire.ca www.carpetempire.ca


Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016


HARMONY®
HARBOUR
ਜਿੱਥੇ ਹਰ ਮੌਸਮ ਘਰ ਵਰਗਾ ਮਹਿਸੂਸ ਹੁੰਦਾ ਹੈ
ਝੀਲ ਅਤੇ ਬੀਚ। ਗੋਲਫ। ਪਾਰਕ ਅਤੇ ਮਨੋਰੰਜਨ । ਸ਼ਹਿਰ ਅਤੇ ਪਹਾੜ ਵੀ ਨੇੜੇ
ਨਵਾਂ ਫੇਸ
ਹੁਣ ਵੇਚ ਰਹੇ ਹਾਂ !
Starting from the high $500s
ਰਜਿਸਟਰ ਕਰਨ ਲਈ ਹੁਣੇ ਸਕੈਨ ਕਰੋ!
liveinharmony.ca



ਪੰਜਾਬੀ ਅਖ਼ਬਾਰ ਰੀਜਾਇਨਾ ਐਡੀਸ਼ਨ ਵਿੱਚ ਐਡਵਰਟਾਈਜ਼ਮੈਂਟ ਦੇਣ ਲਈ ਗੁਰਬਿੰਦਰ ਸਿੰਘ ਗਾਗੋਂਵਾਲ ਨਾਲ ਸੰਪਰਕ ਕਰੋ

1 306 520 4313

ਮੁੱਖ ਦਫਤਰ: 1 403 640 2000

The Punjabi Newspaper

ਪੰਜਾਬੀਅਤ ਦਾ ਪਰਚਮ

ਪੰਜਾਬੀ ਅਖ਼ਬਾਰ

Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000

Chief Editor : Harbans Buttar

Vol: 13 No: 293 Website : www.punjabiakhbaar.ca Email: editor@punjabiakhbaar.ca Friday, 5 June 2026


# ਚੀਨ ਵਿੱਚ ਬਣੀਆਂ ਬਿਜਲੀ ਕਾਰਾਂ ਕੈਨੇਡਾ ਪਹੁੰਚਣੀਆਂ ਸ਼ੁਰੂ

ਰੀਜਾਇਨਾ, (ਮਲਕੀਤ ਸਿੰਘ) ਕੈਨੇਡਾ ਵਿੱਚ ਚੀਨ ਵਿੱਚ ਤਿਆਰ ਕੀਤੀਆਂ ਬਿਜਲੀ ਕਾਰਾਂ ਦੀ ਆਮਦ ਸ਼ੁਰੂ ਹੋ ਗਈ ਹੈ। ਜਾਣਕਾਰੀ ਅਨੁਸਾਰ ਮਈ ਮਹੀਨੇ ਦੌਰਾਨ ਲਗਭਗ 2,900 ਤੋਂ ਵੱਧ ਚੀਨ ਤੋਂ ਤਿਆਰ ਕੀਤੀਆ ਬਿਜਲੀ ਸਵਾਰੀ ਗੱਡੀਆਂ ਕੈਨੇਡਾ ਪਹੁੰਚੀਆਂ ਹਨ।ਇਹ ਗੱਡੀਆਂ ਕੈਨੇਡਾ ਦੇ ਬਿਜਲੀ ਵਾਹਨ ਬਾਜ਼ਾਰ ਵਿੱਚ ਨਵਾਂ ਬਦਲਾਅ ਲਿਆ ਸਕਦੀਆਂ ਹਨ। ਪਹਿਲਾਂ ਕੈਨੇਡਾ ਵਿੱਚ ਬਿਜਲੀ ਕਾਰਾਂ ਦੇ ਬਾਜ਼ਾਰ 'ਚ ਟੈਸਲਾ ਵਰਗੀਆਂ ਕੰਪਨੀਆਂ ਦਾ ਵੱਧ ਦਬਦਬਾ ਸੀ, ਪਰ ਹੁਣ ਚੀਨੀ ਕੰਪਨੀਆਂ ਦੀਆਂ ਗੱਡੀਆਂ ਵੀ ਪਹੁੰਚਣ ਨਾਲ ਮੁਕਾਬਲਾ ਹੋਰ ਤੇਜ਼ ਹੋ ਸਕਦਾ ਹੈ।ਮਾਹਿਰਾਂ ਦਾ ਮੰਨਣਾ ਹੈ ਕਿ ਚੀਨ ਵਿੱਚ ਬਣੀਆਂ ਬਿਜਲੀ ਕਾਰਾਂ ਦੀ ਆਮਦ ਨਾਲ ਕੀਮਤਾਂ ਅਤੇ ਚੋਣਾਂ ਦੋਵਾਂ 'ਚ ਫਰਕ ਪੈ ਸਕਦਾ ਹੈ। ਇਸ ਨਾਲ ਕੈਨੇਡਾ ਦੇ ਖਰੀਦਦਾਰਾਂ ਨੂੰ ਹੋਰ ਵਿਕਲਪ ਮਿਲਣ ਦੀ ਸੰਭਾਵਨਾ ਹੈ।




## ਆਈਸੀਸੀ ਵੱਲੋਂ ਕ੍ਰਿਕਟ ਕੈਨੇਡਾ ਦੀ ਮੈਂਬਰਸ਼ਿਪ ਮੁਅੱਤਲ

ਰੀਜਾਇਨਾ, (ਮਲਕੀਤ ਸਿੰਘ)- ਅੰਤਰਰਾਸ਼ਟਰੀ ਕ੍ਰਿਕਟ ਪਰਿਸ਼ਦ ਨੇ ਕ੍ਰਿਕਟ ਕੈਨੇਡਾ ਦੀ ਮੈਂਬਰਸ਼ਿਪ ਮੁਅੱਤਲ ਕਰ ਦਿੱਤੀ ਹੈ। ਇਹ ਫ਼ੈਸਲਾ ਸੰਸਥਾ ਵੱਲੋਂ ਮੈਂਬਰਸ਼ਿਪ ਨਾਲ ਜੁੜੇ ਨਿਯਮਾਂ ਅਤੇ ਜ਼ਿੰਮੇਵਾਰੀਆਂ ਦੀ ਉਲੰਘਣਾ ਦੇ ਦੋਸ਼ਾਂ ਮਗਰੋਂ ਲਿਆ ਗਿਆ ਹੈ। ਆਈਸੀਸੀ ਨੇ ਸਪਸ਼ਟ ਕੀਤਾ ਹੈ ਕਿ ਇਸ ਕਾਰਵਾਈ ਦਾ ਅਸਰ ਕੈਨੇਡਾ ਦੇ ਖਿਡਾਰੀਆਂ 'ਤੇ ਨਹੀਂ ਪਵੇਗਾ। ਕੈਨੇਡਾ ਦੀ ਰਾਸ਼ਟਰੀ ਟੀਮ ਪਹਿਲਾਂ ਵਾਂਗ ਅੰਤਰਰਾਸ਼ਟਰੀ ਮੁਕਾਬਲਿਆਂ ਵਿੱਚ ਹਿੱਸਾ ਲੈਂਦੀ ਰਹੇਗੀ। ਟੂਰਨਾਮੈਂਟਾਂ ਅਤੇ ਖਿਡਾਰੀਆਂ ਨਾਲ ਜੁੜੇ ਖਰਚਿਆਂ ਦੀ ਨਿਗਰਾਨੀ ਅਤੇ ਵਿੱਤੀ ਸਹਾਇਤਾ ਹੁਣ ਸਿੱਧੇ ਤੌਰ 'ਤੇ ਆਈਸੀਸੀ ਵੱਲੋਂ ਕੀਤੀ ਜਾਵੇਗੀ।ਦੱਸਿਆ ਜਾ ਰਿਹਾ ਹੈ ਕਿ ਇਹ ਫ਼ੈਸਲਾ ਕ੍ਰਿਕਟ ਕੈਨੇਡਾ ਦੇ ਪ੍ਰਬੰਧਕੀ ਢਾਂਚੇ ਅਤੇ ਕੰਮਕਾਜ ਨੂੰ ਲੈ ਕੇ ਕਾਫ਼ੀ ਸਮੇਂ ਤੋਂ ਚੱਲ ਰਹੀਆਂ ਚਿੰਤਾਵਾਂ ਤੋਂ ਬਾਅਦ ਲਿਆ ਗਿਆ ਹੈ। ਆਈਸੀਸੀ ਨੇ ਕਿਹਾ ਹੈ ਕਿ ਜੇ ਲੋੜੀਂਦੇ ਸੁਧਾਰ ਕੀਤੇ ਜਾਂਦੇ ਹਨ ਤਾਂ ਭਵਿੱਖ ਵਿੱਚ ਮੁਅੱਤਲੀ ਹਟਾਉਣ ਬਾਰੇ ਵੀ ਵਿਚਾਰ ਹੋ ਸਕਦਾ ਹੈ। ਇਸ ਘਟਨਾ ਮਗਰੋਂ ਕੈਨੇਡਾ ਦੇ ਕ੍ਰਿਕਟ ਪ੍ਰੇਮੀਆਂ ਵਿੱਚ ਚਰਚਾ ਤੇ ਚਿੰਤਾ ਵੇਖੀ ਜਾ ਰਹੀ ਹੈ, ਹਾਲਾਂਕਿ ਖਿਡਾਰੀਆਂ ਲਈ ਰਾਹਤ ਵਾਲੀ ਗੱਲ ਇਹ ਹੈ ਕਿ ਉਨ੍ਹਾਂ ਦੇ ਮੁਕਾਬਲੇ ਜਾਰੀ ਰਹਿਣਗੇ।


RANDY SINGH
306.361.7810
REALTOR®, CENTURY 21 Fusion
Residential | Commercial | Farm
Home Buyer & Listing Specialist!
Serving Saskatoon, Warman, Martensville and surrounding area, offering the highest level of expertise and service with integrity.
AWARD WINNING SERVICE
CENTURION® Team (C21 Canada 2025)
Top 30 Under 30 by Units (C21 Canada 2023)
randy.singh@c21.ca | randysinghrealty.com

Nav Immigration Services
· Student Visa · Worker Visa · Visitor Visa · Supervisa
· Permanent Residency Applications · PR Card Renewal
· Express Entry · Family Sponsorship · Refugee Applications
· Citizenship Applications · LMIA Applications · PNP
Giving my best for your success
ਕਨੇਡਾ ਵਿੱਚ ਚੰਗੇ ਭਵਿੱਖ ਲਈ ਚੰਗੇ ਇਮੀਗ੍ਰੇਸ਼ਨ ਸਲਾਹਕਾਰ ਦਾ ਹੋਣਾ ਜਰੂਰੀ ਹੈ
Navjeet Kaur
Director, RCIC
(Regulated Canadian Immigration Consultant)
306-201-4464
Regina, SK navimmigrationservices@gmail.com

Bullet
Now Hiring
We are hiring Company Drivers & Owner Operators for USA Open Board
SPECIAL OFFER
MUST HAVE
- Clean Driver Abstract and CVOR
- Clear Criminal Search
- Minimum 6 months verifiable experience
- Steady Milage and Home time
- Bi Week Directly diposit
- Excellent equipment Dedicated to you
- Paid Border cross and waiting time
- after 2 hHours!
COMPETITIVE GREAT WAGES & REGULAR HOME TIME
COME INTO CHECK OUT OUR FAMILY, SEE OUR TRUCKS AND MEET OUR TEAM
BULLET EXPRESS INC, 1041 KEARNS CRES, REGINA
info@bulletexpress.ca
306-914-7733/647-221-4700

WE'RE IN THE PEOPLE BUSINESS, WE JUST HAPPEN TO DO MORTGAGES.®
Bob Dhindsa
Mortgage Associate & SK Regional Team Lead
306.596.5047
bob.dhindsa@vinegroup.ca
ਰੀਜਾਇਨਾ ਅਤੇ ਆਸ ਪਾਸ ਦੇ ਇਲਾਕੇ ਵਿੱਚ ਮੌਰਗੇਜ ਕਰਵਾਉਣ ਲਈ ਭਰੋਸੇਮੰਦ ਨਾਂਅ
VINE GROUP
MORTGAGE BROKERAGE
LIC. 512011
200 1965 Broad Street, Regina, SK S4P 1Y1

AERO SIGN & PRINT INC.
RELIABLE AND AFFORDABLE
www.aerosign.ca
WHOLESALE CHANNEL LETTERS, LAWN SIGNS & PRINTING
403.764.7000
Email: sales@aerosign.ca 4852 50 Ave NE , Calgary, AB T3J 4L8

PUNJAB TOWING
Punjab Towing Regina (SK)
New horizon park #9 building, Pilot Butte, SK S0G 3Z0
Punjab Towing Swift Current (SK )
1975 Chaplin St W, Swift Current, SK S9H 5G6
1 306 552 9629, 1 306 510 4929
Dispatch@punjabtowing.co
Semi truck, trailer towing expert
Tow & recovery, storage service
Anywhere in SK, AB, MB, BC, ON 24/7 available

ਕਨੇਡਾ ਅਮਰੀਕਾ ਲਈ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ
H&H TRANSPORTS INC.
1575 PARK STREET , REGINA
Needs Driver for Canada, Prairies and Local Runs
Turn Pikes Runs
Health benefits
• Great Mile Rate
• SINP/LMIA ਲਈ ਵੀ ਮਦਦ ਕਰਦੇ ਹਨ।
• Home Time on Every Weekend
• Just CAN-USA Runs
• Long and Short Haul
HARRY 306-537-6403
GARRY 306-201-9222

EVERY DAY AUTO SALES LTD
• Cars for Newcomers
• Used cars sale & purchase.
• Many cars available around $10,000
ਹੁਣ ਹਰ ਕੋਈ ਕਾਰ ਦਾ ਮਾਲਕ ਬਣ ਸਕਦਾ ਹੈ
306 988 2200
1675 Winnipeg Street, Regina

# ਮਾਂ ਦੀ ਯਾਦ ਵਿੱਚ ਸ਼ੁਰੂ ਕੀਤੀ 1,500 ਕਿਲੋਮੀਟਰ ਦੀ ਪੈਦਲ ਯਾਤਰਾ

ਰੀਜਾਇਨਾ, (ਮਲਕੀਤ ਸਿੰਘ)- ਕੈਨੇਡਾ ਦੇ ਸਸਕਾਚਵਨ ਸੂਬੇ ਦੀ ਇੱਕ ਅਧਿਆਪਕਾ ਨੇ ਆਪਣੀ ਸਵ:ਮਾ ਦੀ ਯਾਦ ਵਿੱਚ 1,500 ਕਿਲੋਮੀਟਰ ਦੀ ਲੰਬੀ ਪੈਦਲ ਯਾਤਰਾ ਸ਼ੁਰੂ ਕੀਤੀ ਹੈ। ਇਹ ਯਾਤਰਾ ਉਸ ਲਈ ਸਿਰਫ਼ ਸਰੀਰਕ ਚੁਣੌਤੀ ਨਹੀਂ, ਸਗੋਂ ਮਾਂ ਨੂੰ ਸ਼ਰਧਾਂਜਲੀ ਦੇਣ ਦਾ ਇਕ ਭਾਵੁਕ ਉਪਰਾਲਾ ਵੀ ਹੈ।



ਪ੍ਰਾਪਤ ਜਾਣਕਾਰੀ ਅਨੁਸਾਰ ਸਸਕਾਟੂਨ ਦੀ ਰਹਿਣ ਵਾਲੀ ਮੇਗਨ ਵੌਦਰਸਪੂਨ ਇਸ ਸਾਲ 38 ਸਾਲ ਦੀ ਹੋ ਰਹੀ ਹੈ। ਇਹ ਉਹੀ ਉਮਰ ਹੈ ਜਦੋਂ ਉਸ ਦੀ ਮਾਤਾ ਦੀ ਲਿਊਕੀਮੀਆ ਕਾਰਨ ਮੌਤ ਹੋ ਗਈ ਸੀ। ਮਾਂ ਦੀ ਯਾਦ ਨੂੰ ਆਪਣੇ ਨਾਲ ਜੋੜਦਿਆਂ ਮੇਗਨ ਨੇ ਸਸਕਾਚਵਨ ਨੂੰ ਉੱਤਰ ਤੋਂ ਦੱਖਣ ਤੱਕ ਪੈਦਲ ਪਾਰ ਕਰਨ ਦਾ ਫ਼ੈਸਲਾ ਕੀਤਾ ਹੈ।

ਦੱਸਿਆ ਜਾ ਰਿਹਾ ਹੈ ਕਿ ਮੇਗਨ ਅਗਲੇ 30 ਦਿਨਾਂ ਤੱਕ ਹਰ ਰੋਜ਼ ਲਗਭਗ 60 ਕਿਲੋਮੀਟਰ ਤੱਕ ਪੈਦਲ ਚੱਲੇਗੀ। ਇਸ ਦੌਰਾਨ ਉਹ ਕੁੱਲ ਕਰੀਬ 1,500 ਕਿਲੋਮੀਟਰ ਦਾ ਸਫ਼ਰ ਤੈਅ ਕਰੇਗੀ। ਉਸਦਾ ਕਹਿਣਾ ਹੈ ਕਿ ਇਹ ਯਾਤਰਾ ਉਸ ਲਈ ਮਾਂ ਦੀ ਯਾਦ ਨੂੰ ਜਿਉਂਦਾ ਰੱਖਣ ਦਾ ਇੱਕ ਖ਼ਾਸ ਤਰੀਕਾ ਹੈ।

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।

403-232-6220










ਆਪਣੇ ਫੋਨ ਵਿੱਚ ਪੰਜਾਬੀ ਅਖ਼ਬਾਰ ਦੀ ਐਪ ਫਰੀ ਡਾਊਨ ਲੋਡ ਕਰੋ

App Store

Play Store



# ਗ਼ਜ਼ਲ ਮੰਚ ਸਰੀ ਵੱਲੋਂ ਰਚਾਈ ਸੁਰੀਲੀ ਸੰਗੀਤਕ ਸ਼ਾਮ ਨੂੰ ਸੈਂਕੜੇ ਸਰੋਤਿਆਂ ਨੇ ਰੂਹ ਨਾਲ ਮਾਣਿਆ

ਸਰੀ, (ਹਰਦਮ ਮਾਨ 'ਗ਼ਜ਼ਲ ਮੰਚ ਸਰੀ' ਵੱਲੋਂ ਬੀਤੇ ਦਿਨੀ 'ਰਿਫਲੈਕਸ਼ਨ ਬੈਂਕੁਇਟ ਐਂਡ ਕਾਨਫਰੰਸ ਸੈਂਟਰ' ਵਿਖੇ ਕਰਵਾਈ ਗਈ ਸੁਰੀਲੀ ਸੰਗੀਤਕ ਸ਼ਾਮ ਵਿੱਚ ਸੈਂਕੜੇ ਸੰਜੀਦਾ ਸਰੋਤਿਆਂ ਦੀ ਗੰਭੀਰ ਹਾਜ਼ਰੀ ਅਤੇ ਰੂਹ ਤੋਂ ਨਿਕਲੀ 'ਵਾਹ-ਵਾਹ' ਨੇ ਸਾਬਤ ਕਰ ਦਿੱਤਾ ਕਿ ਸਰੀ ਦੀ ਧਰਤੀ 'ਤੇ ਪੰਜਾਬੀ ਸ਼ਾਇਰੀ ਅਤੇ ਸੰਗੀਤ ਦਾ ਦਿਲ ਬੜੇ ਉਤਸ਼ਾਹ ਨਾਲ ਧੜਕ ਰਿਹਾ ਹੈ।

ਪ੍ਰੋਗਰਾਮ ਦਾ ਸ਼ਾਨਦਾਰ ਆਗਾਜ਼ ਮੰਚ ਦੇ ਬੁਲਾਰੇ ਰਾਜਵੰਤ ਰਾਜ ਨੇ ਆਪਣੇ ਨਿੱਘੇ ਸਵਾਗਤੀ ਸ਼ਬਦਾਂ ਨਾਲ ਕੀਤਾ। ਗਾਇਕ ਕਰਨਜੀਤ ਦੀ ਹਰ ਪੇਸ਼ਕਾਰੀ 'ਤੇ ਗੂੰਜਦੀ ਦਾਦ ਨੇ ਸਮਾਗਮ ਨੂੰ ਹੋਰ ਵੀ ਰੰਗੀਨ ਬਣਾ ਦਿੱਤਾ। ਯੂ ਬੀ ਸੀ ਕਲੋਨਾ ਦੀ ਵਿਦਿਆਰਥਣ ਸਾਂਝ ਜੌੜਾ ਨੇ ਆਪਣੀ ਸੁਰੀਲੀ ਆਵਾਜ਼ ਅਤੇ ਬੇਮਿਸਾਲ ਸੰਗੀਤਕ ਅੰਦਾਜ਼ ਨਾਲ ਸਰੋਤਿਆਂ ਨੂੰ ਮੋਹ ਲਿਆ। ਉੱਘੇ ਗਾਇਕ ਪਰਖਜੀਤ ਸਿੰਘ ਨੇ ਆਪਣੀ ਰੂਹਾਨੀ ਗਾਇਕੀ ਰਾਹੀਂ ਤਿੰਨ ਖ਼ੂਬਸੂਰਤ ਗ਼ਜ਼ਲਾਂ ਪੇਸ਼ ਕਰਦਿਆਂ ਮਹਿਫ਼ਿਲ ਨੂੰ ਨਵੀਂ ਉਚਾਈ ਬਖ਼ਸ਼ੀ। ਕੈਲੀਫੋਰਨੀਆ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਨਾਮਵਰ ਗਾਇਕ ਸੁਖਦੇਵ ਸਾਹਿਲ ਸਮਾਗਮ ਦੀ ਰੌਣਕ ਨੂੰ ਸਿਖਰਾਂ 'ਤੇ ਲੈ ਗਏ। ਸਮਾਗਮ ਦੇ ਮੁੱਖ ਸਹਿਯੋਗੀ ਜਤਿੰਦਰ ਜੇ ਮਿਨਹਾਸ ਅਤੇ ਗ਼ਜ਼ਲ ਮੰਚ ਸਰੀ ਵੱਲੋਂ ਪੰਜਾਬ ਤੋਂ ਉਚੇਚੇ ਤੌਰ 'ਤੇ ਪਹੁੰਚੇ ਪੰਜਾਬੀ ਗੀਤਕਾਰੀ ਦੇ ਖੋਜੀ ਅਸ਼ੋਕ ਬਾਂਸਲ ਮਾਨਸਾ ਦਾ ਨਿੱਘਾ ਸਨਮਾਨ ਕੀਤਾ ਗਿਆ। 'ਗ਼ਜ਼ਲ ਮੰਚ ਸਰੀ' ਵੱਲੋਂ ਉੱਘੇ ਉਸਤਾਦ ਸ਼ਾਇਰ ਗੁਰਦਰਸ਼ਨ ਬਾਦਲ, ਸਤਿਕਾਰਯੋਗ ਕਵਿੱਤਰੀ ਅਮਰਜੀਤ ਸ਼ਾਂਤ ਅਤੇ ਅਵਤਾਰ ਕੌਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸੁਰਿੰਦਰ ਕੈਲੇ ਦੀ ਮਿੰਨੀ ਕਹਾਣੀਆਂ ਦੀ ਪੁਸਤਕ 'ਚੁੱਪ ਦਾ ਸੰਨਾਟਾ' ਅਤੇ ਅਸ਼ੋਕ ਬਾਂਸਲ ਮਾਨਸਾ ਦੀਆਂ ਕਿਤਾਬਾਂ 'ਮਿੱਟੀ ਨੂੰ ਫਰੋਲ ਜੋਗੀਆ' ਤੇ 'ਲੱਭ ਗਏ ਲਾਲ ਗੁਆਚੇ' ਵੀ ਰਿਲੀਜ਼ ਕੀਤੀਆਂ ਗਈਆਂ।

ਸਮੁੱਚੇ ਪ੍ਰੋਗਰਾਮ ਨੂੰ ਇੱਕ ਸੂਤਰ ਵਿੱਚ ਪਰੋਣ ਦਾ ਕਾਰਜ ਰਾਜਵੰਤ ਰਾਜ, ਦਵਿੰਦਰ ਗੌਤਮ, ਦਸ਼ਮੇਸ਼ ਗਿੱਲ ਫ਼ਿਰੋਜ਼ ਅਤੇ ਸੁਖਜੀਤ ਹੁੰਦਲ ਨੇ ਬਹੁਤ ਹੀ ਸ਼ਾਇਰਾਨਾ, ਅਦਬੀ ਅਤੇ ਖ਼ੂਬਸੂਰਤ ਅੰਦਾਜ਼ ਵਿੱਚ ਨਿਭਾਇਆ। ਸਰੀ ਦੇ ਨੌਜਵਾਨ ਸ਼ਾਇਰਾਂ ਦੀ ਆਮਦ ਇਸ ਸਮਾਗਮ ਦਾ ਵਿਸ਼ੇਸ਼ ਹਾਸਲ ਰਹੀ। ਸਮਾਗਮ ਦੇ ਆਖ਼ਰ ਵਿੱਚ 'ਗ਼ਜ਼ਲ ਮੰਚ ਸਰੀ' ਦੇ ਪ੍ਰਧਾਨ ਜਸਵਿੰਦਰ ਨੇ ਆਏ ਹੋਏ ਸਾਰੇ ਸੰਜੀਦਾ ਸਰੋਤਿਆਂ ਅਤੇ ਸਹਿਯੋਗੀਆਂ ਦਾ ਤਹਿ-ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਭਰੋਸਾ ਦਿਵਾਇਆ ਕਿ ਮੰਚ ਭਵਿੱਖ ਵਿੱਚ ਵੀ ਪੰਜਾਬੀ ਗ਼ਜ਼ਲ ਅਤੇ ਸਾਹਿਤ ਦੀ ਪ੍ਰਫੁੱਲਤਾ ਲਈ ਅਜਿਹੇ ਉੱਚ-ਪਾਏ ਦੇ ਪ੍ਰੋਗਰਾਮਾਂ ਦੀ ਲੜੀ ਨੂੰ ਨਿਰੰਤਰ ਜਾਰੀ ਰੱਖੇਗਾ।









# 9ਵਾਂ ਇੰਟਰਨੈਸ਼ਨਲ ਅਲਬਰਟਾ ਕੱਪ 2026 ਸ਼ਾਨਦਾਰ ਸਫਲਤਾ ਨਾਲ ਸੰਪੰਨ




ਕੈਲਗਰੀ (ਪੰਜਾਬੀ ਅਖਬਾਰ ਬਿਊਰੋ)- United Field Hockey Club Calgary ਵੱਲੋਂ ਕਰਵਾਇਆ ਗਿਆ 9ਵਾਂ ਇੰਟਰਨੈਸ਼ਨਲ ਅਲਬਰਟਾ ਕੱਪ 2026, 29, 30 ਅਤੇ 31 ਮਈ ਨੂੰ Genesis Centre ਵਿੱਚ ਬਹੁਤ ਹੀ ਸ਼ਾਨਦਾਰ ਢੰਗ ਨਾਲ ਸੰਪੰਨ ਹੋਇਆ।

ਉੱਤਰੀ ਅਮਰੀਕਾ ਦੀਆਂ 27 ਟੀਮਾਂ ਅਤੇ 300 ਤੋਂ ਵੱਧ ਖਿਡਾਰੀਆਂ ਨੇ ਇਸ ਟੂਰਨਾਮੈਂਟ ਵਿੱਚ ਭਾਗ ਲਿਆ, ਜਦਕਿ ਹਜ਼ਾਰਾਂ ਦਰਸ਼ਕਾਂ ਨੇ ਹਾਜ਼ਰੀ ਭਰ ਕੇ ਖਿਡਾਰੀਆਂ ਦਾ ਹੌਸਲਾ ਵਧਾਇਆ। ਟੂਰਨਾਮੈਂਟ ਦੌਰਾਨ ਫੀਲਡ ਹਾਕੀ ਦੇ ਰੋਮਾਂਚਕ ਮੁਕਾਬਲਿਆਂ ਦੇ ਨਾਲ-ਨਾਲ ਬੱਚਿਆਂ ਦੀਆਂ ਦੌੜਾਂ, ਤਾਸ਼ ਸ਼ੀਪ ਮੁਕਾਬਲੇ ਅਤੇ ਲੱਕੀ ਡਰਾਅ ਵੀ ਕਰਵਾਏ ਗਏ।

**ਟੂਰਨਾਮੈਂਟ ਨਤੀਜੇ**

ਮੈਨਜ਼ ਡਿਵੀਜ਼ਨ ਵਿੱਚ ਮੈਕਸੀਕੋ ਬਾਹਾ ਨੇ ਪਹਿਲਾ ਅਤੇ ਅਕਾਲ 683 ਨੇ ਦੂਜਾ ਸਥਾਨ ਹਾਸਲ ਕੀਤਾ।

ਮਾਸਟਰਜ਼ 45+ ਵਿੱਚ ਪੰਜਾਬ ਸਪੋਰਟਸ ਜੇਤੂ ਰਹੀ ਜਦਕਿ ਸੁਰਿੰਦਰ ਲਾਇਨਜ਼ ਸਰੀ ਉਪ-ਜੇਤੂ ਰਹੀ।

ਅੰਡਰ-18 ਵਿੱਚ ਯੂਨਾਈਟਿਡ ਫੀਲਡ ਹਾਕੀ ਕਲੱਬ ਨੇ ਖਿਤਾਬ ਜਿੱਤਿਆ ਅਤੇ ਮੈਕਸੀਕੋ ਬਾਹਾ ਨੇ ਦੂਜਾ ਸਥਾਨ ਹਾਸਲ ਕੀਤਾ।

ਅੰਡਰ-14 ਵਿੱਚ ਮੈਕਸੀਕੋ ਬਾਹਾ ਜੇਤੂ ਅਤੇ ਐਡਮੰਟਨ 683 ਉਪ-ਜੇਤੂ ਰਹੀ।

ਅੰਡਰ-10 ਵਿੱਚ ਐਡਮੰਟਨ 683 ਨੇ ਪਹਿਲਾ ਅਤੇ ਪੰਜਾਬ ਸਪੋਰਟਸ ਨੇ ਦੂਜਾ ਸਥਾਨ ਹਾਸਲ ਕੀਤਾ।

**ਟੂਰਨਾਮੈਂਟ MVP ਐਵਾਰਡ**

ਫਲੇਚਰ ਗ੍ਰੀਨ (ਯੂਨਾਈਟਿਡ)
ਔਸਕਰ ਕੋਪਾਡੋ (ਮੈਕਸੀਕੋ)

**50 ਮੀਟਰ ਦੌੜ**

ਨਿਹਾਲ ਕੌਰਾ
ਅਵੀਰਾਜ ਬਾਜਵਾ
ਕਿਰਨਜੋਤ ਕੌਰ

**ਤਾਸ਼ ਸ਼ੀਪ ਮੁਕਾਬਲਾ**

ਕੁੱਲ 32 ਟੀਮਾਂ ਨੇ ਭਾਗ ਲਿਆ।
ਹਬਬੰਸ ਧਾਲੀਵਾਲ ਅਤੇ ਗੁਰਮੀਤ ਖਹਿਰਾ
ਮਨਜੀਤ ਅਤੇ ਬਚਿਤਰ ਢਿੱਲੋਂ

**55 ਇੰਚ ਟੀਵੀ ਲੱਕੀ ਡਰਾਅ**

ਗੁਰਿੰਦਰ ਢਿੱਲੋਂ ਖੁਸ਼ਕਿਸਮਤ ਜੇਤੂ ਰਹੇ।

ਟੂਰਨਾਮੈਂਟ ਦੇ ਮੁੱਖ ਆਯੋਜਕ ਮੰਦੀਪ ਝੱਲੀ ਰਹੇ। ਟੂਰਨਾਮੈਂਟ ਕਮੇਟੀ ਵਿੱਚ ਕਵਲ ਢਿੱਲੋਂ, ਮਨਵੀਰ ਗਿੱਲ, ਅਮਨਪ੍ਰੀਤ ਕੌਰਾ, ਸੁਰਿੰਦਰ ਸਿੰਘ, ਮਨਵੀਰ ਮੰਗਟ, ਜਸਕਰਨ ਸਿੰਘ, ਜੀਵਨ ਮੰਗਟ, ਗੁਰਸੇਵਕ ਸਿੰਘ, ਅਜਮੇਰ ਸਿੰਘ, ਗੁਰਮਿੰਦਰ ਢਿੱਲੋਂ, ਭੁਪਿੰਦਰ ਗਿੱਲ ਅਤੇ ਓਂਕਾਰ ਨੇ ਵਿਸ਼ੇਸ਼ ਯੋਗਦਾਨ ਪਾਇਆ।

ਯੂਨਾਈਟਿਡ ਫੀਲਡ ਹਾਕੀ ਕਲੱਬ ਕੈਲਗਰੀ ਵੱਲੋਂ ਸਾਰੇ ਸਪਾਂਸਰਾਂ, ਵਲੰਟੀਅਰਾਂ, ਖਿਡਾਰੀਆਂ, ਪਰਿਵਾਰਾਂ ਅਤੇ ਦਰਸ਼ਕਾਂ ਦਾ ਦਿਲੋਂ ਧੰਨਵਾਦ ਕੀਤਾ ਗਿਆ, ਜਿਨ੍ਹਾਂ ਦੇ ਸਹਿਯੋਗ ਨਾਲ ਇਹ ਟੂਰਨਾਮੈਂਟ ਯਾਦਗਾਰ ਬਣਿਆ।













# ਕੀ ਪੰਜਾਬ ਸਿਆਸੀ ਖਲਾਅ ਵਿੱਚੋਂ ਨਿਕਲ ਸਕੇਗਾ ?



ਗੁਰਮੀਤ ਸਿੰਘ ਪਲਾਹੀ
9815802070

**ਇਸ ਸਾਰੀ ਸਿਆਸੀ ਜੋੜ-ਤੋੜ, ਏਜੰਸੀਆਂ ਦੇ ਡਰ ਅਤੇ ਡੇਰਾ ਸਿਆਸਤ ਦੇ ਸ਼ੋਰ-ਗੁਲ ਵਿੱਚ ਪੰਜਾਬ ਦੇ ਅਸਲ ਮੁੱਦੇ ਪੂਰੀ ਤਰ੍ਹਾਂ ਹਾਸ਼ੀਏ 'ਤੇ ਧੱਕ ਦਿੱਤੇ ਗਏ ਹਨ। ਪੰਜਾਬ ਦਾ ਜ਼ਮੀਨਦੋਜ਼ ਪਾਣੀ ਨਿੱਤ ਦਿਨ ਖ਼ਤਰਨਾਕ ਪੱਧਰ ਤੱਕ ਮੁੱਕਦਾ ਜਾ ਰਿਹਾ ਹੈ। ਪਾਣੀ ਜ਼ਹਿਰੀਲਾ ਹੋਣ ਕਰਕੇ ਮਾਲਵਾ ਪੱਟੀ ਵਿੱਚ ਕੈਂਸਰ ਮਹਾਂਮਾਰੀ ਵਾਂਗ ਫੈਲ ਰਿਹਾ ਹੈ। ਰੁਜ਼ਗਾਰ ਦੇ ਮੌਕੇ ਨਾ ਹੋਣ ਕਰਕੇ ਪੰਜਾਬੀ ਨੌਜਵਾਨ ਲੱਖਾਂ ਰੁਪਏ ਦੇ ਕਰਜ਼ੇ ਚੁੱਕ ਕੇ 'ਆਈਲੈਟਸ' ਦੇ ਸਹਾਰੇ ਬਾਹਰਲੇ ਮੁਲਕਾਂ ਵੱਲ ਹਿਜਰਤ ਕਰ ਰਿਹਾ ਹੈ। ਨੌਜਵਾਨਾਂ ਦੇ ਬਾਹਰ ਜਾਣ ਅਤੇ ਦੂਜੇ ਸੂਬਿਆਂ ਤੋਂ ਆ ਰਹੀ ਆਬਾਦੀ ਦੇ ਇੱਥੇ ਪੱਕੇ ਤੌਰ 'ਤੇ ਵਸਣ ਕਾਰਨ ਪੰਜਾਬ ਦੀ ਸਮਾਜਿਕ, ਸੱਭਿਆਚਾਰਕ ਅਤੇ ਡੈਮੋਗ੍ਰਾਫਿਕ ਬਣਤਰ ਵਿੱਚ ਬਹੁਤ ਵੱਡਾ ਬਦਲਾਅ ਆ ਰਿਹਾ ਹੈ।**

ਪੰਜਾਬ ਦੀ ਮੌਜੂਦਾ ਸਿਆਸੀ ਅਤੇ ਸਮਾਜਿਕ ਸਥਿਤੀ ਇਸ ਵੇਲੇ ਬੇਹੱਦ ਨਾਜ਼ੁਕ ਅਤੇ ਡਾਵਾਂਡੋਲ ਦੌਰ ਵਿੱਚੋਂ ਲੰਘ ਰਹੀ ਹੈ। ਸੂਬੇ ਵਿੱਚ ਇੱਕ ਅਜਿਹਾ ਗੰਭੀਰ ਸਿਆਸੀ ਅਤੇ ਬੌਧਿਕ ਖਲਾਅ ਪੈਦਾ ਹੋ ਚੁੱਕਾ ਹੈ, ਜਿਸ ਨੇ ਹਰ ਦਰਦਮੰਦ ਪੰਜਾਬੀ ਨੂੰ ਡੂੰਘੀ ਚਿੰਤਾ ਵਿੱਚ ਪਾ ਦਿੱਤਾ ਹੈ। 2022 ਵਿੱਚ 'ਬਦਲਾਅ' ਦੇ ਵੱਡੇ ਦਾਅਵਿਆਂ ਅਤੇ ਇਤਿਹਾਸਕ ਬਹੁਮਤ ਨਾਲ ਸੱਤਾ ਵਿੱਚ ਆਈ 'ਆਮ ਆਦਮੀ ਪਾਰਟੀ' (ਆਪ) ਜਿਸ ਢੰਗ ਨਾਲ ਅੱਜ ਲੋਕਾਂ ਵਿੱਚ ਆਪਣਾ ਅਧਾਰ ਗੁਆ ਰਹੀ ਹੈ, ਉਹ ਚਿੰਤਾਜਨਕ ਹੈ। ਹਾਲਾਂਕਿ ਸਰਕਾਰ ਵੱਲੋਂ ਨਿੱਤ ਦਿਨ ਇਹ ਦਾਅਵੇ ਕੀਤੇ ਜਾਂਦੇ ਹਨ ਕਿ ਉਨ੍ਹਾਂ ਨੇ 300 ਯੂਨਿਟ ਮੁਫ਼ਤ ਬਿਜਲੀ, ਔਰਤਾਂ ਨੂੰ 1000 ਰੁਪਏ ਮਹੀਨਾ ਅਤੇ ਡਿਜੀਟਲ ਸੇਵਾਵਾਂ ਦੇ ਕੇ ਪੰਜਾਬ ਨੂੰ ਸਵਾਰਿਆ ਹੈ, ਪਰ ਕੀ ਜ਼ਮੀਨੀ ਸੱਚਾਈ ਇਨ੍ਹਾਂ ਸਰਕਾਰੀ ਦਾਅਵਿਆਂ ਤੋਂ ਕੋਹਾਂ ਦੂਰ ਨਹੀਂ ਹੈ ?

'ਆਪ' ਲੋਕਾਂ ਵਿੱਚ ਉਹ ਵਿਸ਼ਵਾਸ ਅਤੇ ਉਮੀਦ ਬਰਕਰਾਰ ਨਹੀਂ ਰੱਖ ਸਕੀ, ਜਿਸ ਦੀ ਤਵੱਕੋ ਪੰਜਾਬ ਦੇ ਲੋਕਾਂ ਨੇ ਕੀਤੀ ਸੀ। ਲੋਕਾਂ ਨੇ ਰਵਾਇਤੀ ਪਾਰਟੀਆਂ ਤੋਂ ਤੰਗ ਆ ਕੇ ਇਸ ਉਮੀਦ ਨਾਲ ਵੋਟ ਪਾਈ ਸੀ ਕਿ ਇਹ ਪਾਰਟੀ ਭ੍ਰਿਸ਼ਟਾਚਾਰ ਮੁਕਤ ਪੰਜਾਬ ਸਿਰਜੇਗੀ, ਕਿਸਾਨਾਂ ਦੀ ਬਾਂਹ ਫੜੇਗੀ ਅਤੇ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰੇਗੀ। ਪਰ ਅੱਜ ਹਾਲਾਤ ਉਲਟ ਹਨ।

ਸੂਬੇ ਦੇ ਸਰਕਾਰੀ ਮੁਲਾਜ਼ਮ ਲਗਾਤਾਰ ਆਪਣੇ 18% ਡੀਏ ਅਤੇ ਹੋਰ ਭੱਤਿਆਂ ਲਈ ਸੜਕਾਂ 'ਤੇ ਰੋਸ ਪ੍ਰਦਰਸ਼ਨ ਕਰ ਰਹੇ ਹਨ। ਖੇਤੀ ਪ੍ਰਧਾਨ ਸੂਬਾ ਹੋਣ ਦੇ ਬਾਵਜੂਦ ਕਿਸਾਨਾਂ ਦੀਆਂ ਫ਼ਸਲਾਂ ਦੇ ਲਾਹੇਵੰਦ ਮੁੱਲ ਦੇਣ ਵਿੱਚ ਸਰਕਾਰ ਨਾਕਾਮ ਰਹੀ ਹੈ, ਸਗੋਂ ਆਪਣੇ ਹੱਕ ਮੰਗਦੇ ਕਿਸਾਨਾਂ 'ਤੇ ਲਾਠੀਚਾਰਜ ਤੱਕ ਕੀਤਾ ਗਿਆ।

ਸਾਰੀ ਸਥਿਤੀ ਦੇ ਬਾਵਜੂਦ ਸਭ ਤੋਂ ਵੱਡਾ ਦੁਖਾਂਤ ਇਹ ਹੈ ਕਿ ਮੁੱਖ ਵਿਰੋਧੀ ਧਿਰ ਕਾਂਗਰਸ ਖੁਦ ਕਈ ਧੜਿਆਂ ਵਿੱਚ ਵੰਡੀ ਹੋਈ ਹੈ। ਉਸ ਦੇ ਆਗੂ ਆਪਸ ਵਿੱਚ ਹੀ ਉਲਝੇ ਹੋਏ ਹਨ ਅਤੇ ਹਰ ਕੋਈ ਮੁੱਖ ਮੰਤਰੀ ਦੀ ਕੁਰਸੀ ਦਾ ਦਾਅਵੇਦਾਰ ਬਣਿਆ ਬੈਠਾ ਹੈ। ਕੀ ਜਨਤਾ ਦੇ ਬੁਨਿਆਦੀ ਮਸਲਿਆਂ 'ਤੇ ਵਿਰੋਧੀ ਧਿਰ ਕਾਂਗਰਸ ਵੱਲੋਂ ਕੋਈ ਠੋਸ ਲਾਮਬੰਦੀ ਜਾਂ ਸਾਰਥਕ ਵਿਰੋਧ ਦੇਖਣ ਨੂੰ ਨਹੀਂ ਮਿਲ ਰਿਹਾ ਹੈ?

ਪੰਜਾਬ ਦੀ ਸਿਆਸਤ ਦਾ ਇਹ ਇਤਿਹਾਸ ਰਿਹਾ ਹੈ ਕਿ ਇੱਥੋਂ ਦੇ ਲੋਕਾਂ ਨੇ ਹਮੇਸ਼ਾ ਖੇਤਰੀ ਪਾਰਟੀਆਂ ਉੱਤੇ ਵੱਡਾ ਯਕੀਨ ਕੀਤਾ ਹੈ। ਸ਼੍ਰੋਮਣੀ ਅਕਾਲੀ ਦਲ ਉਹਨਾਂ ਇਤਿਹਾਸਕ ਖੇਤਰੀ ਪਾਰਟੀਆਂ ਵਿੱਚੋਂ ਇੱਕ ਹੈ, ਜਿਸ ਨੂੰ ਪੰਜਾਬੀਆਂ ਨੇ ਬੇਹੱਦ ਮਾਣ ਬਖਸ਼ਿਆ, ਕਿਉਂਕਿ ਪੰਜਾਬੀ ਮਾਨਸਿਕਤਾ ਹਮੇਸ਼ਾ ਆਪਣੀ ਖੇਤਰੀ ਲੀਡਰਸ਼ਿਪ ਦੇ ਹੱਕ ਵਿੱਚ ਭੁਗਤਦੀ ਰਹੀ ਹੈ। ਪਰ ਅਫ਼ਸੋਸ ਕਿ ਸਮਾਂ ਪਾ ਕੇ ਅਕਾਲੀ ਦਲ ਵੱਲੋਂ ਕੁਝ ਇਹੋ ਜਿਹੀਆਂ ਇਤਿਹਾਸਕ ਗ਼ਲਤੀਆਂ ਕੀਤੀਆਂ ਗਈਆਂ, ਜਿਨ੍ਹਾਂ ਨਾਲ ਉਸ ਨੂੰ ਆਪਣਾ ਰਾਜ ਭਾਗ ਗੁਆਉਣਾ ਪਿਆ ਅਤੇ ਪਾਰਟੀ ਲਗਾਤਾਰ ਪਛੜਦੀ ਗਈ। ਕੀ ਅੱਜ ਵੀ ਸ਼੍ਰੋਮਣੀ ਅਕਲੀ ਦਲ ਆਪਣਾ ਅਧਾਰ ਮੁੜ ਬਣਾਉਣ ਵਿੱਚ ਕਾਮਯਾਬ ਹੋ ਰਿਹਾ ਹੈ ?

ਅਕਾਲੀ ਦਲ ਸਭ ਤੋਂ ਵੱਡੀ ਭੁੱਲ ਪੰਜਾਬ ਵਿੱਚ ਭਾਜਪਾ ਨਾਲ ਲੰਮਾ ਗੱਠਜੋੜ ਕਰਨਾ ਗਿਣਿਆ ਜਾਂਦਾ ਹੈ, ਜੋ ਪੰਜਾਬ ਦੇ ਸੂਝਵਾਨ ਲੋਕਾਂ ਨੂੰ ਮਨੋ-ਚਿਤੋ ਕਦੇ ਵੀ ਪ੍ਰਵਾਨ ਨਹੀਂ ਸੀ। ਭਾਜਪਾ ਵਰਗੀ ਪਾਰਟੀ-ਜੋ ਕੇਂਦਰੀਕਰਨ ਦੀ ਸਿਆਸਤ ਕਰਦੀ ਹੈ ਅਤੇ ਦੇਸ਼ ਭਰ ਦੀਆਂ ਖੇਤਰੀ ਪਾਰਟੀਆਂ ਨੂੰ ਆਪਣੇ ਵਿੱਚ ਜਜ਼ਬ ਕਰਕੇ ਖ਼ਤਮ ਕਰਦੀ ਆ ਰਹੀ ਹੈ- ਉਸ ਕੋਲੋਂ ਇਹ ਤਵੱਕੋ ਨਹੀਂ ਸੀ ਕੀਤੀ ਜਾ ਸਕਦੀ ਕਿ ਉਹ ਪੰਜਾਬ ਦੇ ਨਿਰੋਲ ਹਿੱਤਾਂ, ਪਾਣੀਆਂ ਅਤੇ ਖੇਤੀਬਾੜੀ ਦੀ ਰਾਖੀ ਕਰੇਗੀ। ਅਕਾਲੀ ਦਲ ਨੇ ਸੱਤਾ ਦੇ ਮੋਹ ਵਿੱਚ ਇਸ ਖ਼ਤਰੇ ਨੂੰ ਨਜ਼ਰਅੰਦਾਜ਼ ਕੀਤਾ, ਜਿਸ ਦਾ ਖਮਿਆਜ਼ਾ ਉਸ ਨੂੰ ਆਪਣਾ ਵਜੂਦ ਗੁਆ ਕੇ ਭੁਗਤਣਾ ਪੈ ਰਿਹਾ ਹੈ।

ਸ਼੍ਰੋਮਣੀ ਅਕਾਲੀ ਦਲ ਵੱਖੋ-ਵੱਖਰੇ ਧੜਿਆਂ ਵਿੱਚ ਵੰਡਿਆ ਗਿਆ ਹੈ। ਪਾਰਟੀ ਦੇ ਕਮਜ਼ੋਰ ਹੁੰਦਿਆਂ ਹੀ ਪੈਦਾ ਹੋਏ ਖਲਾਅ ਵਿੱਚ ਇੱਕ ਪਾਸੇ 'ਤੱਤੇ ਦਲ' ਅਤੇ ਗਰਮ-ਖਿਆਲੀ ਲੋਕ ਸ਼ਾਮਲ ਹੋ ਗਏ ਹਨ, ਜੋ ਕੱਟੜਤਾ ਦੀਆਂ ਗੱਲਾਂ ਕਰਦੇ ਹਨ। ਪਰ ਪੰਜਾਬ ਦੇ ਅਸਲ ਹਿੱਤ ਇਸ ਕੱਟੜਤਾ ਤੋਂ ਬਿਲਕੁਲ ਵੱਖਰੇ ਹਨ। ਬਿਨਾਂ ਸ਼ੱਕ, ਪੰਜਾਬ ਵਿੱਚ ਮੁੜ ਉਹੀ ਖੇਤਰੀ ਪਾਰਟੀ ਅੱਗੇ ਆ ਸਕਦੀ ਹੈ, ਜਿਹੜੀ ਪੰਜਾਬ ਦੇ ਹਿੱਤਾਂ ਦੀ ਸੱਚੀ ਰਾਖੀ ਕਰੇ, ਲੋਕਾਂ ਦੀ ਸਹੀ ਤਰਜਮਾਨੀ ਕਰੇ, ਅਤੇ ਸਭ ਤੋਂ ਅਹਿਮ-'ਅਨੰਦਪੁਰ ਸਾਹਿਬ ਦੇ ਮਤੇ' ਦੇ ਉਸ ਮੂਲ ਸੰਕਲਪ ਨੂੰ ਮੁੜ ਸੁਰਜੀਤ ਕਰੇ ਜਿਸ ਵਿੱਚ ਸੂਬਿਆਂ ਨੂੰ ਵੱਧ ਅਧਿਕਾਰ ਅਤੇ ਖੁਦਮੁਖਤਿਆਰੀ ਦੇਣ ਦੀ ਵਕਾਲਤ ਕੀਤੀ ਗਈ ਸੀ। ਪੰਜਾਬੀਆਂ ਦਾ ਮੰਨਣਾ ਹੈ ਕਿ ਕੇਂਦਰ ਦੀਆਂ ਬੇੜੀਆਂ ਵਿੱਚ ਜਕੜ ਕੇ ਨਹੀਂ, ਸਗੋਂ ਵੱਧ ਅਧਿਕਾਰਾਂ ਨਾਲ ਹੀ ਕੋਈ ਸੂਬਾ ਸੱਚੀ ਆਰਥਿਕ ਅਤੇ ਸਮਾਜਿਕ ਤਰੱਕੀ ਕਰ ਸਕਦਾ ਹੈ। ਕੀ ਇਸ ਗੱਲ ਨੂੰ ਸਿਆਸੀ ਧਿਰਾਂ ਸਮਝ ਰਹੀਆਂ ਹਨ ?

ਇਸੇ ਸਿਆਸੀ ਅਸਥਿਰਤਾ ਅਤੇ ਖੇਤਰੀ ਪਾਰਟੀਆਂ ਦੀ ਕਮਜ਼ੋਰੀ ਦਾ ਫਾਇਦਾ ਚੁੱਕਣ ਲਈ ਭਾਜਪਾ ਪੰਜਾਬ ਵਿੱਚ ਹਮਲਾਵਰ ਰੁਖ਼ ਅਖਤਿਆਰ ਕਰ ਰਹੀ ਹੈ। ਪਿੰਡਾਂ ਵਿੱਚ ਅਧਾਰ ਨਾ ਹੋਣ ਕਰਕੇ, ਭਾਜਪਾ ਕੇਂਦਰੀਕਰਨ ਦੀ ਆਪਣੀ ਸਿਆਸਤ ਨੂੰ ਅੱਗੇ ਵਧਾਉਣ ਲਈ ਦੂਜੀਆਂ ਪਾਰਟੀਆਂ ਦੇ ਵੱਡੇ, ਖ਼ਾਸ ਕਰਕੇ ਸਿੱਖ ਅਤੇ ਪਗੜੀਧਾਰੀ ਨੇਤਾਵਾਂ (ਕੈਪਟਨ ਅਮਰਿੰਦਰ ਸਿੰਘ, ਸੁਨੀਲ ਜਾਖੜ) ਨੂੰ ਆਪਣੇ ਵਿੱਚ ਸ਼ਾਮਲ ਕਰ ਰਹੀ ਹੈ ਤਾਂ ਜੋ ਪਿੰਡਾਂ ਵਿੱਚ ਅਧਾਰ ਵਧਾਇਆ ਜਾ ਸਕੇ, ਜਿੱਥੇ ਕਿਸਾਨ ਅੰਦੋਲਨ ਕਾਰਨ ਉਨ੍ਹਾਂ ਦਾ ਬਾਈਕਾਟ ਹੋਇਆ ਸੀ। ਭਾਜਪਾ ਵੱਲੋਂ ਕੇਵਲ ਸਿੰਘ ਢਿੱਲੋਂ ਨੂੰ ਸਾਬਕਾ ਕਾਂਗਰਸੀ ਨੇਤਾ, ਜੋ ਕੁਝ ਸਮਾਂ ਪਹਿਲਾਂ ਭਾਜਪਾ ਵਿੱਚ ਸਾਮਲ ਹੋ ਗਏ ਸਨ, ਨੂੰ ਭਾਜਪਾ ਦਾ ਸੂਬਾ ਪ੍ਰਧਾਨ ਐਲਾਨਿਆਂ ਗਿਆ ਹੈ।

ਪਰ ਪੰਜਾਬ ਵਿੱਚ ਭਾਜਪਾ ਦੇ ਰਾਹ ਦੀ ਸਭ ਤੋਂ ਵੱਡੀ ਰੁਕਾਵਟ ਸੂਬੇ ਦੀ ਭੂਗੋਲਿਕ ਬਣਤਰ ਹੈ। ਪੰਜਾਬ ਵਿੱਚ ਬਹੁਤਾ ਪੇਂਡੂ ਖਿੱਤਾ ਹੋਣ ਕਾਰਨ ਅਤੇ ਸ਼ਹਿਰੀ ਖਿੱਤਾ ਬਹੁਤ ਘੱਟ ਹੋਣ ਕਾਰਨ, ਇੱਥੇ ਆਰ.ਐੱਸ.ਐੱਸ. ਦਾ ਸੰਗਠਨਾਤਮਕ ਪ੍ਰਭਾਵ ਬੇਹੱਦ ਘੱਟ ਹੈ। ਭਾਵੇਂ ਕਿ ਸ਼ਹਿਰੀ ਇਲਾਕਿਆਂ ਵਿੱਚ ਆਰ.ਐੱਸ.ਐੱਸ. ਆਪਣੀਆਂ ਸ਼ਾਖਾਵਾਂ ਲਗਾਉਂਦੀ ਹੈ ਅਤੇ ਚੋਣਾਂ ਵੇਲੇ ਪੂਰੇ ਯਤਨਾਂ ਨਾਲ ਭਾਜਪਾ ਦੇ ਪਿੱਛੇ ਖੜ੍ਹਦੀ ਹੈ, ਪਰ ਪੰਜਾਬ ਦੇ ਵਿਸ਼ਾਲ ਪਿੰਡਾਂ ਵਿੱਚ ਆਰ.ਐੱਸ.ਐੱਸ. ਦਾ ਕੋਈ ਵਜੂਦ ਜਾਂ ਪ੍ਰਭਾਵ ਨਹੀਂ ਹੈ।

ਇਸ ਘਾਟ ਨੂੰ ਪੂਰਾ ਕਰਨ ਲਈ ਭਾਜਪਾ ਵੱਲੋਂ ਪੰਜਾਬ ਦੀ ਸਿਆਸਤ ਵਿੱਚ ਕੁਝ ਅਜਿਹੇ ਮਾੜੇ ਵਰਤਾਰੇ ਵਰਤੇ ਜਾ ਰਹੇ ਹਨ, ਜੋ ਬਿਲਕੁਲ ਉਸੇ ਖੇਡ ਦੀ ਯਾਦ ਦਿਵਾਉਂਦੇ ਹਨ ਜੋ ਉਨ੍ਹਾਂ ਨੇ ਬੰਗਾਲ ਵਿੱਚ ਖੇਡੀ ਸੀ। ਭਾਜਪਾ ਵੱਲੋਂ ਲਗਾਤਾਰ ਆਈ.ਬੀ., ਈ.ਡੀ. ਅਤੇ ਹੋਰ ਕੇਂਦਰੀ ਏਜੰਸੀਆਂ ਰਾਹੀਂ ਪੰਜਾਬ ਵਿੱਚ ਰੇਡਾਂ ਕੀਤੀਆਂ ਜਾ ਰਹੀਆਂ ਹਨ। ਵਿਰੋਧੀ ਧਿਰਾਂ ਦੇ ਨੇਤਾਵਾਂ ਉੱਤੇ ਕੇਸ ਦਰਜ ਕੀਤੇ ਜਾ ਰਹੇ ਹਨ ਤਾਂ ਜੋ ਵਿਰੋਧ ਦੀ ਆਵਾਜ਼ ਨੂੰ ਦਬਾਇਆ ਜਾ ਸਕੇ। ਇਸ ਤੋਂ ਵੀ ਅਗਲਾ ਹੱਥਕੰਡਾ ਪੰਜਾਬ ਦੇ ਡੇਰਿਆਂ 'ਤੇ ਕੀਤੀ ਜਾ ਰਹੀ ਸਿਆਸਤ ਹੈ। ਭਾਜਪਾ ਵੱਲੋਂ ਪ੍ਰਮੁੱਖ ਡੇਰਿਆਂ, ਜਿਵੇਂ ਕਿ ਡੇਰਾ ਸੱਚਖੰਡ ਬੱਲਾਂ, ਰਾਧਾ ਸੁਆਮੀ ਡੇਰਾ ਬਿਆਸ, ਅਤੇ ਡੇਰਾ ਸੱਚਾ ਸੌਦਾ (ਰਾਮ ਰਹੀਮ) ਦੇ ਮੁਖੀਆਂ ਤਾਈਂ ਪਹੁੰਚ ਕਰਨ ਦਾ ਲਗਾਤਾਰ ਯਤਨ ਕੀਤਾ ਜਾ ਰਿਹਾ ਹੈ, ਤਾਂ ਜੋ ਪੇਂਡੂ ਅਤੇ ਦਲਿਤ ਵੋਟਰਾਂ ਵਿੱਚ ਸੰਨ੍ਹ ਲਾਈ ਜਾ ਸਕੇ। ਪਰ ਇਹ ਸਮਝਣ ਵਾਲੀ ਗੱਲ ਹੈ ਕਿ ਕਿਸਾਨ ਅੰਦੋਲਨ ਵੇਲੇ ਪੇਂਡੂ ਖ਼ਾਸ ਕਰਕੇ ਕਿਸਾਨ ਭਾਜਪਾ ਤੋਂ ਮਨੋਂ ਦੂਰ ਹੋ ਚੁੱਕੇ ਹਨ।

ਇਸਦੇ ਬਾਵਜੂਦ ਵੀ ਭਾਜਪਾ ਚੁੱਪ ਨਹੀਂ ਬੈਠੀ। ਵੋਟਰ ਸੂਚੀਆਂ ਦੀ ਸੁਧਾਈ ਦੇ ਕੰਮ ਰਾਹੀਂ ਪੰਜਾਬ ਵਿੱਚ ਰਹਿ ਰਹੇ ਲਗਭਗ 30 ਲੱਖ ਪ੍ਰਵਾਸੀ ਮਜ਼ਦੂਰਾਂ ਦੀਆਂ ਵੋਟਾਂ ਨੂੰ ਪੱਕਾ ਕਰਨਾ ਅਤੇ 15 ਲੱਖ ਐੱਨ.ਆਰ.ਆਈ. ਵੋਟਰਾਂ ਦੀਆਂ ਵੋਟਾਂ ਨੂੰ ਕੱਟਣ-ਕਟਾਉਣ ਦੀ ਸਿਆਸਤ ਚੱਲ ਰਹੀ ਹੈ, ਤਾਂ ਜੋ ਪੇਂਡੂ ਖੇਤਰਾਂ ਦੇ ਵੋਟ ਸਮੀਕਰਨਾਂ ਨੂੰ ਬਦਲਿਆ ਜਾ ਸਕੇ। ਪਰ ਭਾਜਪਾ ਭਾਵੇਂ ਇਹ ਸਾਰੇ ਹੱਥਕੰਡੇ ਅਪਣਾ ਲਵੇ, ਪੰਜਾਬ ਦੀ ਵੱਖਰੀ ਸਮਾਜਿਕ ਤਾਸੀਰ ਅਤੇ ਪਿੰਡਾਂ ਵਿੱਚ ਆਰ.ਐੱਸ.ਐੱਸ. ਦੇ ਅਧਾਰ ਦੀ ਘਾਟ ਕਾਰਨ ਉਸ ਨੂੰ ਇੱਥੇ ਇੱਕੋ ਦਮ ਸਫ਼ਲਤਾ ਮਿਲਣੀ ਬਿਲਕੁਲ ਅਸੰਭਵ ਲੱਗਦੀ ਹੈ।

ਇਸ ਸਾਰੀ ਸਿਆਸੀ ਜੋੜ-ਤੋੜ, ਏਜੰਸੀਆਂ ਦੇ ਡਰ ਅਤੇ ਡੇਰਾ ਸਿਆਸਤ ਦੇ ਸ਼ੋਰ-ਗੁਲ ਵਿੱਚ ਪੰਜਾਬ ਦੇ ਅਸਲ ਮੁੱਦੇ ਪੂਰੀ ਤਰ੍ਹਾਂ ਹਾਸ਼ੀਏ 'ਤੇ ਧੱਕ ਦਿੱਤੇ ਗਏ ਹਨ। ਪੰਜਾਬ ਦਾ ਜ਼ਮੀਨਦੋਜ਼ ਪਾਣੀ ਨਿੱਤ ਦਿਨ ਖ਼ਤਰਨਾਕ ਪੱਧਰ ਤੱਕ ਮੁੱਕਦਾ ਜਾ ਰਿਹਾ ਹੈ। ਪਾਣੀ ਜ਼ਹਿਰੀਲਾ ਹੋਣ ਕਰਕੇ ਮਾਲਵਾ ਪੱਟੀ ਵਿੱਚ ਕੈਂਸਰ ਮਹਾਂਮਾਰੀ ਵਾਂਗ ਫੈਲ ਰਿਹਾ ਹੈ। ਰੁਜ਼ਗਾਰ ਦੇ ਮੌਕੇ ਨਾ ਹੋਣ ਕਰਕੇ ਪੰਜਾਬੀ ਨੌਜਵਾਨ ਲੱਖਾਂ ਰੁਪਏ ਦੇ ਕਰਜ਼ੇ ਚੁੱਕ ਕੇ 'ਆਈਲੈਟਸ' ਦੇ ਸਹਾਰੇ ਬਾਹਰਲੇ ਮੁਲਕਾਂ ਵੱਲ ਹਿਜਰਤ ਕਰ ਰਿਹਾ ਹੈ। ਨੌਜਵਾਨਾਂ ਦੇ ਬਾਹਰ ਜਾਣ ਅਤੇ ਦੂਜੇ ਸੂਬਿਆਂ ਤੋਂ ਆ ਰਹੀ ਆਬਾਦੀ ਦੇ ਇੱਥੇ ਪੱਕੇ ਤੌਰ 'ਤੇ ਵਸਣ ਕਾਰਨ ਪੰਜਾਬ ਦੀ ਸਮਾਜਿਕ, ਸੱਭਿਆਚਾਰਕ ਅਤੇ ਡੈਮੋਗ੍ਰਾਫਿਕ ਬਣਤਰ ਵਿੱਚ ਬਹੁਤ ਵੱਡਾ ਬਦਲਾਅ ਆ ਰਿਹਾ ਹੈ। ਮਾਂ-ਬੋਲੀ ਪੰਜਾਬੀ ਨੂੰ ਅਜੇ ਤੱਕ ਪ੍ਰਸ਼ਾਸਨ ਅਤੇ ਅਦਾਲਤਾਂ ਵਿੱਚ ਬਣਦਾ ਰੁਤਬਾ ਨਹੀਂ ਮਿਲਿਆ। ਕਾਨੂੰਨ ਵਿਵਸਥਾ ਦੀ ਸਥਿਤੀ ਇੰਨੀ ਨਾਜ਼ੁਕ ਹੋ ਚੁੱਕੀ ਹੈ ਕਿ ਦਿਨ-ਦਿਹਾੜੇ ਹੁੰਦੀਆਂ ਵਾਰਦਾਤਾਂ ਨੇ ਆਮ ਨਾਗਰਿਕ ਦੇ ਮਨ ਵਿੱਚ ਦਹਿਸ਼ਤ ਪੈਦਾ ਕਰ ਦਿੱਤੀ ਹੈ। ਸੂਬਾ ਲਗਭਗ 3.5 ਲੱਖ ਕਰੋੜ ਤੋਂ ਵਧੇਰੇ ਦੇ ਕਰਜ਼ੇ ਹੇਠ ਦੱਬਿਆ ਹੋਇਆ ਹੈ। ਜੋ ਵੀ ਧਿਰ ਰਾਜ ਕਰਨ ਆਉਂਦੀ ਹੈ, ਉਹ ਨਵਾਂ ਕਰਜ਼ਾ ਚੁੱਕ ਕੇ ਰਾਜ-ਭਾਗ ਚਲਾਉਂਦੀ ਹੈ ਅਤੇ ਵੋਟਾਂ ਲਈ ਮੁਫ਼ਤ ਦੀਆਂ ਸਹੂਲਤਾਂ ਵੰਡਦੀ ਹੈ। ਅਸਲ ਵਿੱਚ, ਲੋਕਾਂ ਨੂੰ ਮੁਫ਼ਤ ਦੀਆਂ ਚੀਜ਼ਾਂ ਦੇ ਕੇ ਮੰਗਤੇ ਬਣਾਉਣ ਦੀ ਲੋੜ ਨਹੀਂ, ਸਗੋਂ ਚੰਗੀ ਸਿੱਖਿਆ ਅਤੇ ਸਨਮਾਨਜਨਕ ਰੁਜ਼ਗਾਰ ਦੇਣ ਦੀ ਲੋੜ ਹੈ। ਪਰ ਇਸ ਮਾਮਲੇ ਵਿੱਚ ਕਾਂਗਰਸ, ਅਕਾਲੀ ਦਲ ਅਤੇ ਹੁਣ @ਆਪ@- ਕੀ ਇਹ ਸਾਰੀਆਂ ਪਾਰਟੀਆਂ ਹਮਾਮ ਵਿੱਚ ਨੰਗੀਆਂ ਨਹੀਂ ਹਨ ?

ਕੇਂਦਰੀ ਸੱਤਾ (ਭਾਜਪਾ) ਇਹ ਸੋਚਦੀ ਹੈ ਕਿ ਪੰਜਾਬ ਵਿੱਚ ਏਜੰਸੀਆਂ ਦੇ ਡਰ, ਡੇਰਾ ਸਿਆਸਤ ਅਤੇ ਜੋੜ-ਤੋੜ ਰਾਹੀਂ ਵੱਖੋ-ਵੱਖਰੀਆਂ ਪਾਰਟੀਆਂ ਦੇ ਆਗੂਆਂ ਨੂੰ ਆਪਣੇ ਨਾਲ ਰਲਾ ਕੇ ਉਹ ਪੰਜਾਬ 'ਤੇ ਮੁਕੰਮਲ ਕਾਬੂ ਪਾ ਲਵੇਗੀ, ਜਿਵੇਂ ਕਿ ਉਨ੍ਹਾਂ ਨੇ ਬੰਗਾਲ ਵਿੱਚ ਮੁੱਖ ਵਿਰੋਧੀ ਧਿਰ ਬਣ ਕੇ ਵੱਡੀ ਸੇਂਧ ਲਾਈ ਸੀ। ਪਰ ਦਿੱਲੀ ਦੇ ਹਾਕਮ ਇਹ ਸੱਚਾਈ ਭੁੱਲ ਰਹੇ ਹਨ ਕਿ ਪੰਜਾਬ ਕਦੇ ਵੀ ਬੰਗਾਲ ਨਹੀਂ ਬਣ ਸਕਦਾ। ਬੰਗਾਲ ਦੀ ਸਿਆਸਤ ਦਾ ਸੁਭਾਅ ਬਿਲਕੁਲ ਵੱਖਰਾ ਸੀ, ਜਿੱਥੇ ਆਰ.ਐੱਸ.ਐੱਸ. ਦੇ ਕਾਡਰ ਨੇ ਲੰਮਾ ਸਮਾਂ ਕੰਮ ਕੀਤਾ। ਪੰਜਾਬ ਦੀ ਤਾਸੀਰ, ਇੱਥੋਂ ਦਾ ਇਤਿਹਾਸ, ਪਿੰਡਾਂ ਦੀ ਬਣਤਰ ਅਤੇ ਲੋਕਾਂ ਦੀ ਮਾਨਸਿਕਤਾ ਬਿਲਕੁਲ ਵੱਖਰੀ ਹੈ। ਪੰਜਾਬ ਦੇ ਲੋਕਾਂ ਦੀ ਸੋਚ ਕਦੇ ਵੀ ਫਿਰਕੂ ਨਹੀਂ ਰਹੀ। ਪੰਜਾਬੀਆਂ ਨੇ ਹਮੇਸ਼ਾ ਆਪਸੀ ਭਾਈਚਾਰਕ ਸਾਂਝ (ਸਾਂਝੀਵਾਲਤਾ) ਨੂੰ ਪਹਿਲ ਦਿੱਤੀ ਹੈ।

ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਪੰਜਾਬ ਅਤੇ ਦਿੱਲੀ (ਕੇਂਦਰੀ ਹਕੂਮਤ) ਦਾ ਟਕਰਾਅ ਸਦੀਆਂ ਪੁਰਾਣਾ ਹੈ। ਪੰਜਾਬ ਦੇ ਲੋਕਾਂ ਨੇ ਸਦਾ ਦਿੱਲੀ ਦੇ ਤਖ਼ਤ ਨਾਲ ਲੋਹਾ ਲਾ ਕੇ ਰੱਖਿਆ ਹੈ ਅਤੇ ਕਦੇ ਵੀ ਆਪਣੀ ਅਣਖ ਦਾ ਸੌਦਾ ਨਹੀਂ ਕੀਤਾ। 1975 ਦੀ ਐਮਰਜੈਂਸੀ ਵੇਲੇ ਜਦੋਂ ਪੂਰੇ ਦੇਸ਼ ਵਿੱਚ ਡਰ ਕਾਰਨ ਖਾਮੋਸ਼ੀ ਛਾਈ ਹੋਈ ਸੀ, ਉਦੋਂ ਪੰਜਾਬ ਦੀ ਧਰਤੀ ਤੋਂ ਸ਼੍ਰੋਮਣੀ ਅਕਾਲੀ ਦਲ ਨੇ ਕੇਂਦਰ ਸਰਕਾਰ ਵਿਰੁੱਧ ਸਭ ਤੋਂ ਵੱਡਾ ਮੋਰਚਾ ਲਾਇਆ ਸੀ। ਜਦੋਂ ਵੀ ਕੇਂਦਰ ਵਿੱਚ ਕੋਈ ਬਹੁਤ ਤਾਕਤਵਰ ਹਾਕਮ ਆਇਆ, ਪੰਜਾਬ ਦੇ ਲੋਕਾਂ ਨੇ ਹਮੇਸ਼ਾ ਉਸ ਦੇ ਵਿਰੁੱਧ ਭੁਗਤ ਕੇ ਸੂਬੇ ਦੀ ਖੇਤਰੀ ਖੁਦਮੁਖਤਿਆਰੀ ਦਾ ਪਰਚਮ ਬੁਲੰਦ ਕੀਤਾ।

ਪੰਜਾਬੀ ਸੁਭਾਅ ਤੋਂ ਹੀ ਬਾਗੀ, ਗ਼ੈਰਤਮੰਦ ਅਤੇ ਸੰਘੀ ਢਾਂਚੇ ਦੇ ਹਾਮੀ ਹਨ, ਉਹ ਦਿੱਲੀ ਦੀ ਅਧੀਨਗੀ, ਕੇਂਦਰੀ ਏਜੰਸੀਆਂ ਦੇ ਡਰ ਜਾਂ ਕੇਂਦਰੀ ਧੱਕੇਸ਼ਾਹੀ ਨੂੰ ਕਦੇ ਪ੍ਰਵਾਨ ਨਹੀਂ ਕਰਦੇ। ਭਾਜਪਾ ਭਾਵੇਂ ਪੰਜਾਬ ਵਿੱਚ ਕਿੰਨੀ ਵੀ ਕੋਸ਼ਿਸ਼ ਕਰ ਲਵੇ, ਭਾਵੇਂ ਉਹ ਕਾਂਗਰਸ ਨੂੰ ਮੁੜ ਕਾਬਜ਼ ਹੋਣ ਤੋਂ ਰੋਕਣ ਲਈ ਪਿੱਛੇ ਰਹਿ ਕੇ @ਆਪ@ ਦੇ ਰਾਜ-ਭਾਗ ਨੂੰ ਸਵੀਕਾਰ ਕਰਨ ਦੀ ਰਣਨੀਤੀ ਅਪਣਾ ਲਵੇ, ਪਰ ਉਹ ਪੰਜਾਬੀ ਮਾਨਸਿਕਤਾ, ਇੱਥੋਂ ਦੀ ਪੇਂਡੂ-ਸਮਾਜਿਕ ਬਣਤਰ ਅਤੇ ਅਣਖ ਨੂੰ ਖਰੀਦ ਨਹੀਂ ਸਕਦੀ। ਪੰਜਾਬੀ ਮੁਫ਼ਤਖੋਰੀ ਦੇ ਜਾਲ, ਡੇਰਾਵਾਦ ਦੇ ਭੁਲੇਖਿਆਂ, ਆਰ.ਐੱਸ.ਐੱਸ. ਦੇ ਪ੍ਰਭਾਵ ਜਾਂ ਕੇਂਦਰੀ ਡਰ ਅੱਗੇ ਕਦੇ ਨਹੀਂ ਝੁਕਦੇ। ਦਿੱਲੀ ਦੀ ਹਮਲਾਵਰ ਸਿਆਸਤ ਪੰਜਾਬ ਦੀ ਸਾਂਝੀਵਾਲਤਾ ਅਤੇ ਅਣਖੀਲੇ ਇਤਿਹਾਸ ਦੀ ਕੰਧ ਨਾਲ ਟਕਰਾ ਕੇ ਹਮੇਸ਼ਾ ਨਾਕਾਮ ਹੁੰਦੀ ਰਹੀ ਹੈ, ਅਤੇ ਇਸ ਵਾਰ ਵੀ ਪੰਜਾਬ ਆਪਣੀ ਵੱਖਰੀ ਹੋਂਦ, ਸੂਬਾਈ ਖੁਦਮੁਖਤਿਆਰੀ ਅਤੇ ਪਛਾਣ ਨੂੰ ਹਰ ਕੀਮਤ 'ਤੇ ਬਰਕਰਾਰ ਰੱਖੇਗਾ।

ਪੰਜਾਬੀ ਅਖ਼ਬਾਰ ਆਪ ਪੜ੍ਹੋ ਅਤੇ ਹੋਰਾਂ ਨੂੰ ਪੜ੍ਹਨ ਦੀ ਆਦਤ ਪਾਓ



ਮੁੱਖ ਸੰਪਾਦਕ ਹਰਬੰਸ ਬੁੱਟਰ
403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਕੀ ਹੁਣ ਦੁਨੀਆਂ ਭਰ ਵਿੱਚ ਘਰਾਂ ਦੀਆਂ ਸਕਰੀਨਾਂ ਸਿਖਾਉਣਗੀਆਂ ਮਾਂ ਬੋਲੀ, ਸੰਸਕਾਰ ਅਤੇ ਗੁਰੂ ਵਿਰਾਸਤ ?

## ਏ-ਆਈ ਦੀ ਮੱਦਦ ਨਾਲ ਕੈਨੇਡਾ ਵਿੱਚ ਇੱਕ ਨਵਾਂ ਅਤੇ ਨਿਵੇਕਲਾ ਉਪਰਾਲਾ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਕਦੇ ਕਿਸੇ ਨੇ ਸੋਚਿਆ ਸੀ ਕਿ ਇੱਕ ਸਮਾਂ ਅਜਿਹਾ ਵੀ ਆਵੇਗਾ ਜਦੋਂ ਘਰਾਂ ਵਿੱਚ ਟੀਵੀ, ਮੋਬਾਈਲ ਫੋਨ ਅਤੇ ਆਈਪੈਡ ਦੀਆਂ ਸਕਰੀਨਾਂ ਬੱਚਿਆਂ ਨੂੰ ਮਾਂ ਬੋਲੀ, ਸੰਸਕਾਰ ਅਤੇ ਗੁਰੂ ਵਿਰਾਸਤ ਨਾਲ ਜੋੜਣ ਵਾਲੇ ਅਧਿਆਪਕ ਬਣ ਜਾਣਗੀਆਂ ? ਕੈਨੇਡਾ ਵਿੱਚ ਏ-ਆਈ ਦੀ ਮੱਦਦ ਨਾਲ ਇੱਕ ਨਵਾਂ ਅਤੇ ਨਿਵੇਕਲਾ ਉਪਰਾਲਾ ਕੀਤਾ ਗਿਆ ਹੈ, ਜਿਸ ਦਾ ਨਾਮ ਹੈ ਏ ਆਈ ਸੁਪੋਰਟਡ ਗੁਰ ਗਿਆਨ ਡਿਜੀਟਲ ਸਕੂਲ, ਜੋ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀ ਪਰਿਵਾਰਾਂ ਲਈ ਨਵੀਂ ਉਮੀਦ ਬਣੇਗਾ।ਲਗਭਗ ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ ਮਲਟੀਮੀਡੀਆ ਅਤੇ ਨਵੀਂ ਤਕਨਾਲੋਜੀ ਦੀ ਮੱਦਦ ਨਾਲ ਨਵੀਂ ਪੀੜ੍ਹੀ ਨੂੰ ਆਪਣੀ ਅਮੀਰ ਵਿਰਾਸਤ ਨਾਲ ਜੋੜਨ ਦੇ ਮਹਿਰ ਅਤੇ ਗੁਰ ਗਿਆਨ ਡਿਜੀਟਲ ਸਕੂਲ ਦੇ ਫਾਊਂਡਰ ਰਾਮ ਸਿੰਘ ਚਹਿਲਾਂ ਨੇ ਦੱਸਿਆ ਕਿ ਏ ਆਈ ਟੂਲਸ ਰਾਹੀਂ ਪੰਜਾਬੀ ਮੀਡੀਅਮ ਅਤੇ ਇੰਗਲਿਸ਼ ਮੀਡੀਅਮ ਵਿੱਚ ਵੱਖ ਵੱਖ ਵੀਡੀਓ ਕੋਰਸ ਤਿਆਰ ਕੀਤੇ ਗਏ ਹਨ ਜੋ ਵਿਸੇਸ ਤੌਰ ਤੇ ਚਾਰ ਸਾਲ ਤੋਂ ਪੰਦਰਾਂ ਸਾਲ ਦੀ ਉਮਰ ਦੇ ਬੱਚਿਆਂ ਲਈ ਹਨ। ਇਹਨਾਂ ਕੋਰਸਾਂ ਰਾਹੀਂ ਵਰਚੁਅਲ ਪ੍ਰਿੰਸੀਪਲ ਅਤੇ ਅਧਿਆਪਕ ਬੱਚਿਆਂ ਨੂੰ ਕਹਾਣੀਆਂ, ਗੱਲਬਾਤ, ਅਤੇ ਚਿੱਤਰਾਂ ਰਾਹੀਂ ਮਾਂ ਬੋਲੀ, ਸੰਸਕਾਰ ਅਤੇ ਗੁਰੂ ਵਿਰਾਸਤ ਦਾ ਪਿਆਰ ਜਗਾਉਣਗੇ। ਦੁਨੀਆਂ ਭਰ ਦੇ ਮਾਹਿਰਾਂ ਦਾ ਮੰਨਣਾ ਹੈ ਕਿ ਆਉਣ ਵਾਲਾ ਸਮਾਂ ਡਿਜੀਟਲ ਅਤੇ ਏ-ਆਈ ਦਾ ਸਮਾਂ ਹੈ। ਅਜਿਹੇ ਸਮੇਂ ਵਿੱਚ ਜੇ ਪੰਜਾਬੀ ਪਰਿਵਾਰ ਤਕਨਾਲੋਜੀ ਨੂੰ ਸਿਰਫ਼ ਮਨੋਰੰਜਨ ਦੀ ਥਾਂ ਸੰਸਕਾਰਾਂ ਅਤੇ ਸਿੱਖਿਆ ਦੇ ਮਾਧਿਅਮ ਵੱਜੋਂ ਵਰਤਣ ਲੱਗ ਪੈਣ, ਤਾਂ ਇਹ ਇੱਕ ਵੱਡੀ ਸਮਾਜਕ ਤਬਦੀਲੀ ਦੀ ਸ਼ੁਰੂਆਤ ਵੀ ਬਣ ਸਕਦੀ ਹੈ।ਇਹ ਇੱਕ ਨਿਵੇਕਲਾ ਉਪਰਾਲਾ ਕੀਤਾ ਗਿਆ ਹੈ ਜਿਸ ਨਾਲ ਮਾਪਿਆਂ ਨੂੰ ਆਪਣੇ ਹੀ ਘਰ ਵਿੱਚ ਅਤੇ ਆਪਣੇ ਸਮੇਂ ਅਨੁਸਾਰ ਟੀਵੀ, ਮੋਬਾਈਲ, ਲੈਪਟਾਪ ਜਾਂ ਆਈਪੈਡ ਦੀ ਸਕਰੀਨ ਰਾਹੀਂ ਘਰ ਬੈਠਿਆਂ ਬੱਚਿਆਂ ਨੂੰ ਰੋਜ਼ਾਨਾਂ ਸੰਸਕਾਰ ਤੇ ਮਾਂ ਬੋਲੀ ਸਿਖਾਉਣ ਦੀ ਸਹੂਲਤ ਮਿਲੇਗੀ। ਨਾਂ ਵਾਰ ਵਾਰ ਫੀਸਾਂ ਭਰਨ ਦਾ ਝੰਜਟ ਨਾਂ ਹੀ ਪਿੱਕ ਡਰੌਪ ਕਰਨ ਦੀ ਸਮੱਸਿਆ ਸਿਰਫ ਕੈਨਡੀਅਨ £5.99 ਡਾਲਰ ਖਰਚ ਕਰਕੇ ਕੋਰਸ ਦਾ ਲਾਈਫ ਟਾਈਮ ਐਕਸੈਸ ਮਿਲ ਜਾਵੇਗਾ। ਜਦੋਂ ਮਰਜੀ ਆਪਣੇ ਘਰ ਨੂੰ ਸਕੂਲ ਬਣਾ ਕੇ ਰੋਜਾਨਾਂ ਬੱਚਿਆਂ ਨਾਲ ਬੈਠ ਕੇ ਸਿਖਾਉ ਅਤੇ ਉਹਨਾਂ ਦਾ ਭਵਿੱਖ ਸ਼ਾਨਦਾਰ ਬਣਾਉ। ਇਸ ਵਾਰੇ ਵਧੇਰੇ ਜਾਣਕਾਰੀ ਵੈਬਸਾਈਟ ਗੁਰ ਗਿਆਨ ਡੌਟ ਸੀਏ ਤੋਂ ਲੈ ਸਕਦੇ ਹੋਂ।









# ਕਾਗਜ਼ੀ ਵਿਚੋਲਪੁਣਾ

## ਜੀਵਨ ਸਾਥਣ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ ਬਦੇਸਾ ਪਰਿਵਾਰ ਦੇ ਘਰਵਾਲੀ ਤੋਂ ਅਲੱਗ ਰਹਿ ਰਹੇ,ਉਮਰ 49 ਸਾਲ, ਕੱਦ 5 ਫੁੱਟ 11 ਇੰਚ, ਗਰੈਜੂਏਟ, ਬੀ ਸੀ ਵਿੱਚ ਆਪਣਾ ਘਰ ਬਣਾਉਣ ਦਾ ਕਾਰੋਬਾਰ ਕਰਦੇ ਲਈ ਜੀਵਨ ਸਾਥਣ ਦੀ ਲੋੜ ਹੈ। ਸੰਪਰਕ: SSSWHITESOUTH80@GMAIL.COM ***298***3

## ਲੜਕੇ ਦੀ ਲੋੜ

ਕੈਨੇਡੀਅਨ ਸਿਟੀਜਨ, ਰਾਮਗੜੀਆ ਗੁਰਸਿੱਖ ਲੜਕੀ ਜਨਮ 1996, ਕੱਦ 5 ਫੁੱਟ 4 ਇੰਚ, ਕੈਲਗਰੀ ਰਹਿੰਦੀ ਲਈ ਚੰਗੇ ਪੜੇ ਲਿਖੇ ਕੈਲਗਰੀ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: +91 98142 12395 ***298***3

## ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਪਰਿਵਾਰ ਦੀ ਲੜਕੀ ,ਜਨਮ 1991,ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ ਬੀ ਏ,ਬੀਐੱਡ, ਕੈਨੇਡਾ ਵਿੱਚ ਵਰਕ ਪਰਮਿਟ ਉੱਪਰ ਕੰਮ ਕਰਦੀ,ਲਈ ਬਰਾਬਰ ਦੀ ਯੋਗਤਾ ਵਾਲੇ ਹਾਣ ਪ੍ਰਵਾਣ ਦੇ ਨਸ਼ਾ ਰਹਿਤ,ਵੈਸ਼ਨੂੰ,ਕਨੇਡੀਅਨ ਪੀ ਆਰ,ਸਿਟੀਜਨ, ਜਾਂ ਵਰਕ ਪਰਮਿਟ ਵਾਲੇ ਲੜਕੇ ਦੇ ਰਿਸਤੇ ਦੀ ਲੋੜ ਹੈ। ਸੰਪਰਕ: 1 306 501 6474 ਜਾਂ ਵਟਸਐਪ +91 90566 36305 ***298***3

## ਲੜਕੇ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਰਹਿੰਦੀ ਡਡਵਾਲ ਪਰਿਵਾਰ ਦੀ ਅੰਮ੍ਰਿਤਧਾਰੀ,ਤਲਾਕਸੁਦਾ (ਕੋਈ ਬੱਚਾ ਨਹੀਂ) ਲੜਕੀ ਜਨਮ 1997, ਸਕਿਨਟੋਨ: ਫੇਅਰ (ਵਾਈਟ), ਕੱਦ 5 ਫੁੱਟ 3 ਇੰਚ, ਬੀਐਸ ਸੀ ਨਰਸਿੰਗ (ਇੰਡੀਆ) ਮੈਡੀਕਲ ਆਫਿਸ ਅਸਿਸਟੈਂਟ ਕੋਰਸ (ਕੈਲਗਰੀ) ਹੈਲਥ ਐਂਡ ਹਿਊਮਨ ਸਰਵਿਸਜ ਮੈਨੇਜਮੈਂਟ ਪੋਸਟ ਡਿਪਲੋਮਾਂ ਸਰਟੀਫਿਕੇਸ਼ਨ (ਕੈਲਗਰੀ) ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸਤੇ ਦੀ ਲੋੜ ਹੈ। ਸੰਪਰਕ: 587 226 4592 ***298***3

## ਲੜਕੀ ਦੀ ਲੋੜ

ਜੱਟ ਸਿੱਖ ਬੈਂਸ ਪਰਿਵਾਰ ਦੇ ਇੰਡੀਆ ਰਹਿੰਦੇ ਤਲਾਕਸੁਦਾ ਮੰਗਲੀਕ ਲੜਕੇ ਜਨਮ 1990,ਕੱਦ 5 ਫੁੱਟ 8 ਇੰਚ, ਇਲੈਕਟਰੋਨਿਕ ਕਮਿਊਨੀਕੇਸ਼ਨ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ। ਕਾਲ ਵਟਸਐਪ: +916280205485 ***298***3

## ਲੜਕੀ ਦੀ ਲੋੜ

35-year-Old/ 5'10", never married, clean-shaven, Ramgarhia Sikh, Canadian citizen, well-settled businessman in Winnipeg, Canada. Successful entrepreneur in Real Estate & Mortgage Financing. Seeking educated, family-oriented girl from a respectable family. Canada/USA preferred. WhatsApp: -204-510-7658 ***300***3

## ਲੜਕੀ ਦੀ ਲੋੜ

ਆਸਟਰੇਲੀਆ ਸਿਟੀਜਨ, ਸ਼ਰਮਾ ਪਰਿਵਾਰ ਦੇ ਲੜਕੇ, ਉਮਰ 39 ਸਾਲ, ਕੱਦ 5 ਫੁੱਟ 8 ਇੰਚ, ਹੋਟਲ ਮੈਨੇਜਮੈਂਟ ਡਿਗਰੀ ਹੋਲਡਰ ਲਈ ਆਸਟਰੇਲੀਆ ਜਾਂ ਕੈਨੇਡਾ ਦੀ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਜਾਂ ਵਿਜਟਿਰ ਵੀਜਾ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਪੰਜਾਬ ਤੋਂ ਦੁਆਬਾ ਏਰੀਆ ਨੂੰ ਪਹਿਲ । ਸੰਪਰਕ : 403 890 7020 ***298***3

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ (ਸੌਰਟ ਟਰਮ ਡਿਵੋਰਸੀ) ਉਮਰ 32 ਸਾਲ, ਕੱਦ 6 ਫੁੱਟ, ਆਟੋਮੋਬਾਈਲ ਇੰਜੀਨੀਅਰ, ਵੈਲ ਸੈਟਲਡ ਲਈ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 422 1833 ਜਾਂ 604 716 0711 **297*3**

## ਲੜਕੀ ਦੀ ਲੋੜ

ਕੈਲਗਰੀ(ਕੈਨੇਡਾ) ਰਹਿੰਦੇ ਜੱਟ ਸਿੱਖ ਸਿੱਧੂ ਪਰਿਵਾਰ ਦੇ ਨਸ਼ਾ ਰਹਿਤ,ਮਿਹਨਤੀ ਸੁਭਾਅ ਦੇ ਲੜਕੇ ਜਨਮ ਸਾਲ 2000,ਕੱਦ 5 ਫੁੱਟ 11 ਇੰਚ, ਬੀ ਏ ਗਰੈਜੂਏਟ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਤਲਾਕਸੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਜੇਕਰ ਕੁੜੀ ਦਾ ਪਿਛੋਕੜ ਨਰਸਿੰਗ ਹੈ ਤਾਂ ਉਸ ਨੂੰ ਨੈਨੀ ਬੇਸ ਉੱਪਰ ਪੀ ਆਰ ਲਈ ਮੱਦਦ ਕਰ ਸਕਦੇ ਹਾਂ। ਲੜਕਾ ਆਪਣੀ ਭੈਣ ਅਤੇ ਉਸਦੇ ਪਰਿਵਾਰ ਨਾਲ ਕੈਲਗਰੀ ਰਹਿੰਦਾ ਹੈ। ਸੰਪਰਕ: 1 403 909 3912 ***297***3***

## ਲੜਕੀ ਦੀ ਲੋੜ

ਰਾਮਗੜ੍ਹੀਆ, ਮੁੱਟੇ ਪਰਿਵਾਰ ਦੇ ਵਿਜਟਰ ਵੀਜੇ ਉੱਪਰ ਕੈਨੇਡਾ ਆਏ ਲੜਕੇ ਉਮਰ 27 ਸਾਲ, ਕੱਦ:5 ਫੁੱਟ 10 ਇੰਚ,ਵਿੱਦਿਅਕ ਯੋਗਤਾ : ਬੀਬੀਏ,ਆਈ ਟੀ ਆਈ ਵੈਲਡਰ ਡਿਪਲੋਮਾ ਹੋਲਡਰ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸਤੇ ਦੀ ਲੋੜ ਹੈ । ਵਰਕ ਪਰਮਿਟ ਵਾਲੀ ਜਾਂ ਸਟੂਡੈਂਟ ਵੀਜ਼ਾ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਕਾਲ: 1 825 889 1726 Email: parimnderisngh91726 @gmail.com ***297***3***

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜਨ,ਜੱਟ ਸਿੱਖ ਵੈਸ਼ਨੂੰ,ਵੈਲ ਸੈਟਲਡ,ਤਲਾਕਸੁਦਾ,ਬਿਨਾ ਬੱਚੇ ਤੋਂ,ਲੜਕੇ ਉਮਰ 42 ਸਾਲ, ਕੱਦ 5 ਫੁੱਟ 11 ਇੰਚ, ਬੀਏ ਪਾਸ ਲਈ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਤਲਾਕਸੁਦਾ/ਵਿਧਾਵਾ ਲੜਕੀ ਬਿਨਾ ਬੱਚੇ ਤੋਂ ਸੰਪਰਕ ਕਰ ਸਕਦੀ ਹੈ। ਸੰਪਰਕ: 1 825 431 3300 ਜਾਂ ਈ ਮੇਲ : jmanjit61@gmail.com ***297***3***

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜਨ, ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ ਜਨਮ (ਇੰਡੀਆ) 1996, ਕੱਦ 6 ਫੁੱਟ 2 ਇੰਚ, ਏਅਰ ਕਰਾਫਟ ਮੈਨਟੀਨੈਂਸ ਡਿਪਲੋਮਾਂ ਹੋਲਡਰ ਲਈ,ਪੜੀ ਲਿਖੀ,ਸਿੱਖ ਪਰਿਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ ਆਪਣਾ ਘਰ ਹੈ ਅਤੇ ਮੌਜੂਦਾ ਸਮੇ ਸੀ ਐਨ ਵਿੱਚ ਲੋਕੋਮੋਟਿਵ ਇੰਜੀਨਅਰ ਵੱਜੋਂ ਜੈਸਪਰ ਵਿਖੇ ਜੌਬ ਕਰ ਰਿਹਾ ਹੈ। ਸੰਪਰਕ: 1 204 293 6735 ***297***F***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਪੰਜਾਬੀ ਹਿੰਦੂ ਖੱਤਰੀ ਮਨੋਚਾ ਪਰਿਵਾਰ ਦੇ ਲੜਕੇ ਜਨਮ 1996, ਕੱਦ 5 ਫੁੱਟ 10 ਇੰਚ, ਐਜੂਕੇਸ਼ਨ: BBA , ਫੈਮਿਲੀ ਬਿਜਨਿਸ ਚਲਾ ਰਹੇ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 587 969 8776 ਜਾਂ ਈ ਮੇਲ: Gmanocha@shaw.ca **296*3**

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ,ਜਨਮ 1992,ਕੱਦ 5 ਫੁੱਟ 4 ਇੰਚ, ਰਜਿਸਟਰਡ ਨਰਸ ਲਈ ਹਾਣ ਪ੍ਰਵਾਣ ਦੇ ਕਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ, ਚੰਗੇ ਪੜੇ ਲਿਖੇ,ਵੈੱਲ ਸੈਟਲਡ,ਨਸ਼ਿਆਂ ਤੋਂ ਰਹਿਤ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: +91 9646714007 ਜਾਂ +91 78889 93075 ***292***1***

## ਲੜਕੀ ਦੀ ਲੋੜ

ਦਿੱਲੀ ਦੇ ਜੰਮਪਲ ਸਿੱਖ ਬਾਜਵਾ ਪਰਿਵਾਰ ਦੇ ਇਕਲੌਤੇ ਲੜਕੇ ਜਨਮ 2002,ਕੱਦ 5 ਫੁੱਟ 10 ਇੰਚ, ਵਿੱਦਿਅਕ ਯੋਗਤਾ: graduation in BBA, ਦਿੱਲੀ ਕਾਰਪੋਰੇਸ਼ਨ ਸਰਕਾਰੀ ਜੌਬ ਕਰਦੇ ਲਈ ਹਾਣ ਪ੍ਰਵਾਨ ਦੀ ਕੈਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ ।ਸੰਪਰਕ: 1 368 599 7814 **296**3

## ਲੜਕੇ ਦੀ ਲੋੜ

ਰਾਮਗੜ੍ਹੀਆ PR ਲੜਕੀ ,ਕੈਲਗਰੀ ਜਨਮ 1989 5' 5'' ਪੜ੍ਹੀ ਲਿਖੀ ਤਲਾਕਸ਼ੁਦਾ, ਬਿਨਾ ਬੱਚੇ, ਲਈ ਵੈੱਲ ਸੈੱਟਲਡ ਮੁੰਡੇ ਦੀ ਲੋੜ । ਪਹਿਲ BC, ਮਾਲਵਾ। ਬਹੁਤੀ ਛੋਟੀ ਉਮਰ ਵਾਲੇ ਨਾ ਸੰਪਰਕ ਕਰਨ +91 98 558 48979, Ramgharia PR short issueless no kids divorce,5'5" 1989 well educated girl in Calgary seeking well settled boy. Willing to move to BC. Please call +91 98 558 48979, Marriage Bureau calls will be blocked ***295***3***

## ਲੜਕੀ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੇ ਟਰੱਕਿੰਗ ਇੰਡਸਟਰੀ ਵਿੱਚ ਵਰਕ ਪਰਮਿਟ ਉੱਪਰ ਕੈਨੇਡਾ (ਕੈਲਗਰੀ) ਰਹਿੰਦੇ ਲੜਕੇ,ਉਮਰ 33 ਸਾਲ, ਕੱਦ 5 ਫੁੱਟ 9 ਇੰਚ, ਪੜ੍ਹਾਈ ਲਿਖਾਈ: ਬੀ ਟੈੱਕ ਐਂਡ ਲਾਅ, ਲਈ ਕਨੇਡੀਅਨ ਪੀ ਆਰ, ਸਿਟੀਜਨ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 1 403 493 1993 ਜਾਂ 91 98 141 22621 ***295***3***

## ਲੜਕੀ ਦੀ ਲੋੜ

ਵਰਕ ਪਰਮਿਟ ਉੱਪਰ ਕੈਲਗਿਰੀ ਰਹਿੰਦੇ ਪਰਜਾਪਤ ਸਿੱਖ ਪਰਿਵਾਰ ਦੇ ਲੜਕੇ,ਜਨਮ 1996,ਕੱਦ 5 ਫੁੱਟ 6 ਇੰਚ,ਟਰੱਕ ਟਰੇਲਰ ਮਕੈਨਿਕ,ਲਈ ਕੈਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ ,ਬਿਨਾ ਬੱਚੇ ਤੋਂ ਤਲਾਕ ਸ਼ੁਦਾ ਵੀ ਸੰਪਰਕ ਕਰ ਸਕਦੇ ਹਨ । ਕਾਲ:1 368 338 6512 ***295***3ਫ***

## ਲੜਕੇ ਦੀ ਲੋੜ

Jatt Sikh parents seeking suitable match for their Indian born daughter, Canadian citizen, Dec 1986 born, 5' 1.5" feet, B. Tech & MBA, working in a leading company in management role. Boy should be well educated of good moral values either doing decent job or business. Cell no./Whatsapp +1 587 434 0817 ***299***rana*

## ਲੜਕੇ ਦੀ ਲੋੜ

ਸੈਣੀ ਸਿੱਖ ਪਰਿਵਾਰ ਦੀ ਵਰਕ ਪਰਮਿਟ ਉੱਪਰ ਆਈ ਲੜਕੀ, ਜਨਮ ਅਕਤੂਬਰ1988,ਕੱਦ 5 ਫੁੱਟ 5 ਇੰਚ, ਵਿਦਿਅਕ ਯੋਗਤਾ : MA,B.Ed and Cosmetology (Beauitican ) ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ।ਜਾਤ ਪਾਤ ਦਾ ਕੋਈ ਬੰਧਨ ਨਹੀਂ। ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਅਤੇ ਯੂ ਐਸ ਏ ਸੈਟਲ ਹੈ ਸੰਪਰਕ:778 953 0024 ***294***3*

## ਲੜਕੀ ਦੀ ਲੋੜ

ਕੈਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੇ ਤਲਾਕਸ਼ੁਦਾ ( ਕੋਈ ਬੱਚਾ ਨਹੀਂ)ਲੜਕੇ ਉਮਰ 40 ਸਾਲ,ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਪਲੱਸ 2 ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 587 703 5870 ਜਾਂ 587 889 4509 ***294***3*

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਜਨਮ 1999,ਕੱਦ 5 ਫੁੱਟ 5 ਇੰਚ,Education background ABth ( Anees school Mohali.) Gcg college AA sector Chandigarh (B.A) Conestoga college Waterloo Canada (hospitality management and business management. ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸਤੇ ਦੀ ਲੋੜ ਹੈ । ਲੜਕੀ ਸਾਲ 2022 ਵਿੱਚ ਕੈਨੇਡਾ ਸਟੂਡੈਂਟ ਵੀਜ਼ਾ ਉੱਪਰ ਆਈ ਸੀ ਅਤੇ ਹੁਣ ਵਰਕ ਪਰਮਿਟ ਉੱਪਰ ਹੈ । ਲੜਕੀ ਦਾ ਪਿਤਾ ਸਰਕਾਰੀ ਬੈਂਕ ਮੈਨੇਜਰ ਰਿਟੈਰਿਡ ਹੈ । ਲੜਕੀ ਦਾ ਇੱਕ ਭਰਾ ਕੈਨੇਡੀਅਨ ਸਿਟੀਜ਼ਨ ਹੈ ਜੋ ਵਿਆਹਿਆ ਹੋਇਆ ਹੈ ਅਤੇ ਲੜਕੀ ਇਸ ਵੇਲੇ ਉਸ ਕੋਲ ਹੀ ਰਹਿ ਰਹੀ ਹੈ । WhatsApp ਸੰਪਰਕ: 91 98724 26732 ***299**k**

## ਲੜਕੀ ਦੀ ਲੋੜ

ਜੱਟ ਸਿੱਖ ਪਰਿਵਾਰ ਦੇ ਓਪਨ ਵਰਕ ਪਰਮਿਟ ਉੱਪਰ ਆਏ ਟਰੱਕ ਡਰਾਈਵਰ ਦੀ ਜੌਬ ਕਰਦੇ,ਲੜਕੇ ਉਮਰ 41 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ +2 ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸ ਲੜਕੀ ਵੀ, ਚਾਹੇ ਬੱਚੇ ਵੀ ਹੋਣ, ਸੰਪਰਕ ਕਰ ਸਕਦੀ ਹੈ। ਸੰਪਰਕ: 587 837 2595 *** 299*Roop**

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਭੰਗੂ ਪਰਿਵਾਰ ਦੇ ਲੜਕੇ ਜਨਮ 1998, ਕੱਦ 5 ਫੁੱਟ 11 ਇੰਚ, ਇੰਟਰਨੈਸ਼ਨਲ ਬਿਜਨਿਸ ਮੈਨੇਜਮੈਂਟ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਦੋ ਛੋਟੇ ਭਰਾ ਵੀ ਕੈਨੇਡਾ ਹੀ ਹਨ। ਪਰਿਵਾਰ ਕੋਲ ਪੰਜਾਬ ਵਿੱਚ 14 ਏਕੜ ਜ਼ਮੀਨ ਹੈ । ਸੰਪਰਕ: 1 514 502 3782 ਜਾਂ ਇੰਡੀਆ: +91 9463409382***292 rao***

## ਲੜਕੀ ਦੀ ਲੋੜ

ਜੱਟ ਸਿੱਖ ਬੋਪਾਰਾਏ ਪਰਿਵਾਰ ਦੇ ਸੋਹਣੇ ਸੁਨੱਖੇ ਸਟੱਡੀ ਪਰਮਿਟ ਉੱਪਰ ਕੈਨੇਡਾ ਆਏ ਲੜਕੇ,ਜਨਮ 2000,ਕੱਦ 5 ਫੁੱਟ 10 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਰਿਸ਼ਤੇਦਾਰ ਪਰਿਵਾਰ ਕੈਨੇਡਾ ਵਿੱਚ ਪੱਕੇ ਤੌਰ ਤੇ ਸੈਟਲ ਹਨ ਜੋ ਕਿ ਲੜਕੇ ਨੂੰ ਸੈਟਲ ਹੋਣ ਵਿੱਚ ਆਰਥਿਕ ਮੱਦਦ ਕਰ ਸਕਦੇ ਹਨ। ਤਲਾਕਸ਼ੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 587 227 6000 **te**un**je**

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਰਾਮਗੜੀਆ (ਸੰਧੂ) ਪਰਿਵਾਰ ਦੇ ਬਰਨਾਲਾ ਇਲਾਕੇ ਨਾਲ ਸਬੰਧਿਤ ਸੋਹਣੇ ਸੁਨੱਖੇ ਲੜਕੇ ਜਨਮ 2002, ਕੱਦ 6 ਫੁੱਟ, ਵਿਦਿਅਕ ਯੋਗਤਾ: ਪਲੱਸ 2 ਨਾਨ ਮੈਡੀਕਲ (ਚੰਡੀਗੜ੍ਹ) ਡਿਪਲੋਮਾਂ ਸੀ ਐੱਸ ਜਨਰਲ ਸਰੀ ਕੈਨੇਡਾ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 604 355 5931 ਜਾਂ 91 9804500031 *** ***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

## ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***-***

## ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 826 8245 *** ***

## ਲੜਕੇ ਦੀ ਲੋੜ

Jatt Sikh family seek a suitable match for their 5ft. 8inch / 32 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

## ਲੜਕੀ ਦੀ ਲੋੜ

ਕਨੇਡਾ ਸਟੂਡੈਂਟ/ਵਰਕ ਪਰਮਿਟ ਉੱਪਰ ਕਨੇਡਾ ਆਏ ਜੱਟ ਸਿੱਖ ਸਮਰਾ ਪਰਿਵਾਰ ਦੇ ਇਕਲੌਤੇ, ਸੋਹਣੇ ਸੁਨੱਖੇ ਲੜਕੇ ਉਮਰ 22 ਸਾਲ ਕੱਦ 5 ਫੁੱਟ 9 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਆਰਥਿਕ ਤੌਰ ਤੇ ਬਹੁਤ ਚੰਗੀ ਹਾਲਾਤ ਵਾਲੇ ਸਿਰੇ ਦੇ ਮਿਹਨਤੀ ਲੜਕੇ ਕੋਲ ਪੰਜਾਬ ਵਿੱਚ 20 ਏਕੜ ਜ਼ਮੀਨ, ਕੰਬਾਈਨ,ਟਰੈਕਟਰ, ਕਾਰੋਬਾਰੀ (ਆੜ੍ਹਤ)ਦਾ ਪਿਛੋਕੜ, ਪਿੰਡ ਵਿੱਚ ਵੱਡ ਅਕਾਰੀ ਕੋਠੀ, ਗੱਡੀ ਆਦਿ ਵਰਗੀਆਂ ਸਹੂਲਤਾਂ ਮੌਜੂਦ ਹਨ। ਲੜਕੇ ਦਾ ਤਾਇਆ ਅਤੇ ਬਾਕੀ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ।

ਸੰਪਰਕ (ਵਟਸਐਪ): 1 587 433 9400
ਅਤੇ 1 825 982 1700


## Need Office Administrator

**We need Office administrator person for our Calgary Office. who speaks good English, must have driver license, good wages,we will give training also!**

**Contact : Kam Khamba**
**@403-975-0128**



"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

Email: punjabiakhbaar@gmail.com

403 640 2000


# ਰੀਜਾਇਨਾ ਵਿਖੇ ਸਜਾਏ ਗਏ ਖਾਲਸਾ ਸਾਜਨਾ ਦਿਵਸ ਮੌਕੇ ਨਗਰ ਕੀਰਤਨ ਸਾਲ 2026 ਤਸਵੀਰਾਂ ਦੀ ਜੁਬਾਨੀ





































# ਸੌ ਦਾ ਨੋਟ- ਘਰ ਤੀਕਰ ਮਹਿਰਾਜ ਵਾਲੀਆ ਪੈਦਲ ਆਇਆ ਨੀ

1987 ਤੋਂ ਲੈਕੇ ਅੱਜ ਤੱਕ ਮੁਹੰਮਦ ਸਦੀਕ ਰਣਜੀਤ ਕੌਰ ਤੇ ਹੁਣ ਮੁਹੰਮਦ ਸਦੀਕ ਸੁਖਜੀਤ ਕੌਰ ਦੀ ਇੱਕ ਵੀ ਸਟੇਜ਼ ਐਸੀ ਨਹੀਂ ਜਿੱਥੇ ਸੌ ਦਾ ਨੋਟ ਗੀਤ ਨਾਂ ਗਾਇਆ ਗਿਆ ਹੋਵੇ ਸਗੋਂ ਸ੍ਰੋਤਿਆਂ ਦੀ ਫਰਮਾਇਸ਼ ਤੇ ਦੂਹਰੀ ਤੀਹਰੀ ਵਾਰ ਵੀ ਪੇਸ਼ ਕੀਤਾ ਜਾਂਦਾ ਐ

ਇਸ ਗੀਤ ਦਾ ਗੀਤਕਾਰ ਐ ਬਿੱਕਰ ਮਹਿਰਾਜ ਗੀਤ ਦੇ ਅਖੀਰ ਵਿੱਚ ਆਉਂਦੈ ਘਰ ਤੀਕਰ ਮਹਿਰਾਜ ਵਾਲੀਆ ਪੈਦਲ ਆਇਆ ਨੀ

15 ਮਈ 1962 ਨੂੰ ਪਿੰਡ ਮਹਿਰਾਜ ਨਜ਼ਦੀਕ ਰਾਮਪੁਰਾ ਫੂਲ ਜ਼ਿਲ੍ਹਾ ਬਠਿੰਡਾ ਵਿੱਚ ਪਿਤਾ ਸ੍ਰ ਜਬਰਾ ਸਿੰਘ ਦੇ ਘਰ ਮਾਤਾ ਸੁਰਜੀਤ ਕੌਰ ਦੀ ਕੁੱਖੋਂ ਬਿੱਕਰ ਦਾ ਜਨਮ ਹੋਇਆ। ਦਸਵੀਂ ਤੱਕ ਦੀ ਪੜ੍ਹਾਈ ਕਰਕੇ ਉਹ ਪੰਜਾਬ ਪੁਲਿਸ ਵਿੱਚ ਭਰਤੀ ਹੋ ਗਿਆ

ਡਿਊਟੀ ਲੁਧਿਆਣੇ ਲੱਗ ਗਈ ਜੋ ਉਸ ਵੇਲੇ ਕਲਾਕਾਰਾਂ ਦੀ ਸਭ ਤੋਂ ਵੱਡੀ ਮੰਡੀ ਸੀ। ਲੁਧਿਆਣੇ ਬੱਸ ਅੱਡੇ ਦੇ ਬਾਹਰ ਚੁਬਾਰਿਆਂ ਤੇ ਟੰਗੇ ਗਾਉਣ ਵਾਲਿਆਂ ਦੇ ਫੱਟਿਆਂ ਨੇ ਪੁਲਿਸ ਕਰਮਚਾਰੀ ਬਿੱਕਰ ਨੂੰ ਆਪਣੇ ਵੱਲ ਖਿੱਚ ਲਿਆ। ਬਿੱਕਰ ਮਾਣਕ ਦੇ ਦਫ਼ਤਰ ਗੇੜਾ ਮਾਰਨ ਲੱਗ ਪਿਆ ਤਾਂ ਬਿੱਕਰ ਦਾ ਮਾਣਕ ਨਾਲ ਮੇਲ ਤੇ ਨਹੀਂ ਹੋ ਸਕਿਆ ਪਰ ਮਾਣਕ ਦੇ ਸ਼ਗਿਰਦ ਬਲਵਿੰਦਰ ਭਗਤੇ ਨੇ ਸਭ ਤੋਂ ਪਹਿਲਾਂ ਬਿੱਕਰ ਦੇ ਗੀਤ ਰਿਕਾਰਡ ਕਰਵਾਏ

ਬਿੱਕਰ ਨੇ ਗੀਤਕਾਰੀ ਦੀਆਂ ਬਾਰੀਕੀਆਂ ਕਰਮ ਸਿੰਘ ਭੱਟੀ ਮਾੜੀ ਵਾਲੇ ਤੋਂ ਸਿੱਖੀਆਂ। ਬਿੱਕਰ ਦੀਆਂ ਆਸਾਂ ਨੂੰ ਓਦੋਂ ਬੂਰ ਪਿਆ ਜਦੋਂ ਲੋਕ ਗਾਥਾਵਾਂ ਦੇ ਬਾਦਸ਼ਾਹ ਕੁਲਦੀਪ ਮਾਣਕ ਦੀ ਆਵਾਜ਼ ਵਿੱਚ ਬਿੱਕਰ ਦਾ ਲਿਖਿਆ ਗੀਤ

ਸਿੱਖੀ ਦੀਆਂ ਜੜ੍ਹਾਂ ਪਤਾਲੋਂ ਜਾਲਮ ਪੁੱਟ ਸਕਦਾ ਨਹੀਂ

ਰਿਕਾਰਡ ਹੋਇਆ। ਉਸਤੋਂ ਬਾਅਦ ਮੁਹੰਮਦ ਸਦੀਕ ਰਣਜੀਤ ਕੌਰ ਦੀ ਆਵਾਜ਼ ਵਿੱਚ ਸੌ ਦਾ ਨੋਟ। ਫੇਰ ਕਰਮਜੀਤ ਰੰਧਾਵਾ ਦੀ ਆਵਾਜ਼ ਕਾਫੀ ਗੀਤ ਰਿਕਾਰਡ ਹੋਏ। ਯੁੱਗ ਨੇ ਪਲਟਾ ਉਦੋਂ ਖਾਧਾ ਜਦੋਂ ਬਿੱਕਰ ਦੀ ਕਲਮ ਚੋਂ ਨਿਕਲੇ ਇੱਕ ਗੀਤ ਨੇ ਪੰਜਾਬ ਵਿੱਚ ਰਾਤੋ ਰਾਤ ਇੱਕ ਸਟਾਰ ਕਲਾਕਾਰ ਪੈਦਾ ਕਰ ਦਿੱਤਾ। ਗੀਤ ਦੇ ਬੋਲ ਸਨ

ਮੈਨੂੰ ਲੈਜੂ ਰੋਂਦੀ ਨੂੰ ਸੋਹਣਿਆਂ ਕਾਰ ਗੀਬਨਾਂਵਾਲੀ

ਸਾਰਾ ਪੰਜਾਬ ਜਾਣਦੈ ਕਿ ਇਸ ਗੀਤ ਨਾਲ ਪੰਜਾਬ ਵਿੱਚ ਮੇਜਰ ਰਾਜਸਥਾਨੀ ਦਾ ਆਗਾਜ਼ ਹੋਇਆ। ਉਸਤੋਂ ਬਾਅਦ ਮੇਜਰ ਦੀ ਆਵਾਜ਼ ਵਿੱਚ ਹੀ ਧੰਨਵਾਦ ਵਿਚੋਲੇ ਦਾ।


ਬਿੱਕਰ ਮਹਿਰਾਜ

**ਬਲਕਾਰ ਸਿੱਧੂ ਦੀ ਆਵਾਜ਼ ਵਿੱਚ ਵਿਛੜਿਆਂ ਦੇ ਮੇਲੇ**

ਬਿੱਕਰ ਦੇ ਗੀਤਾਂ ਦੀ ਸੂਚੀ ਕਾਫੀ ਵੱਡੀ ਐ ਇੱਕ ਗੱਲ ਜ਼ਰੂਰ ਐ ਕਿ ਕੈਸਿਟ ਦੌਰ ਵਿੱਚ ਬਿੱਕਰ ਦੇ ਗੀਤ ਕੈਸਿਟ ਦਾ ਸਿਰਨਾਵਾਂ ਬਣੇ। ਆਉਣ ਵਾਲੇ ਸਮੇਂ ਵਿੱਚ ਬਿੱਕਰ ਮਹਿਰਾਜ ਕੁੱਝ ਨਵੇਂ ਗੀਤਾਂ ਨਾਲ ਪੰਜਾਬੀਆਂ ਦੇ ਸਨਮੁੱਖ ਹੋਵੇਗਾ। ਉਸਦੀ ਕਲਮ ਹਮੇਸ਼ਾ ਵਧੀਆ ਲਿਖਦੀ ਰਹੇ ਦੁਆ ਕਰਦਾ ਹਾਂ ।

# ਤੇਰੀ ਫੀਏਟ ਤੇ ਜੇਠ ਨਜ਼ਾਰੇ ਲੈਂਦਾ, ਵਾਲਾ ਭਿੰਦਰ ਡੱਬਵਾਲੀ

ਗੱਲ 1982-83 ਦੀ ਐ ਉਹ ਤਵਿਆਂ (ਰਿਕਾਰਡਾਂ) ਦਾ ਯੁੱਗ ਸੀ ਮੁਹੰਮਦ ਸਦੀਕ ਰਣਜੀਤ ਕੌਰ, ਕੁਲਦੀਪ ਮਾਣਕ, ਦੀਦਾਰ ਸੰਧੂ, ਕਰਤਾਰ ਰਮਲਾ, ਸੁਰਿੰਦਰ ਛਿੰਦਾ ਤੇ ਚਮਕੀਲਾ ਦੇ ਰਿਕਾਰਡ ਧੜਾ ਧੜ ਵਿਕਦੇ ਸਨ। ਉਸ ਵੇਲੇ ਸੁਰਿੰਦਰ ਛਿੰਦਾ ਤੇ ਗੁਲਸ਼ਨ ਕੋਮਲ ਦੀਆਂ ਆਵਾਜ਼ਾਂ ਵਿੱਚ ਇੱਕ ਛੇ ਗੀਤਾਂ ਵਾਲਾ ਰਿਕਾਰਡ ਆਇਆ ਸੀ ਜਿਸਦਾ ਟਾਈਟਲ ਸੀ।

**"ਤੇਰੀ ਫੀਏਟ ਤੇ ਜੇਠ ਨਜ਼ਾਰੇ ਲੈਂਦਾ"**

ਉਸ ਵਕਤ ਦੇ ਮਾਹੌਲ ਮੁਤਾਬਕ ਇਹ ਰਿਕਾਰਡ ਬਹੁਤ ਹਿੱਟ ਹੋਇਆ।ਇਸੇ ਗੀਤ ਦੇ ਅਖਰੀਲੇ ਅੰਤਰੇ ਵਿੱਚ ਗੁਲਸ਼ਨ ਕੋਮਲ ਕਹਿੰਦੀ ਐ ।

**"ਪਿੰਡ ਬਾਂਡੀ ਨਿੱਤ ਮਿਹਣੇ ਮਾਰਦਾ**
**ਕੁੱਝ ਨਾ ਛੱਡਣਾ ਨਵੀਂ ਕਾਰ ਦਾ**
**'ਗਰੇਵਾਲ' ਨੇ ਹੱਥ ਵਿੱਚ ਕਰਲੀ**
**'ਭਿੰਦਰ' ਹੱਸ ਹੱਸ ਕਹਿੰਦਾ**
**ਤੇਰੀ ਫੀਏਟ ਤੇ ਜੇਠ ਨਜ਼ਾਰੇ ਲੈਂਦਾ**

ਇਹ ਗੀਤ ਇੱਕ ਨਵੇਂ ਯੁੱਗ ਦੀ ਸਿਰਜਣਾ ਵਿੱਚਲੀ ਨੀਂਹ ਵਿੱਚ ਲੱਗੀ ਇੱਕ ਇੱਟ ਐ। ਇਹ ਉਸ ਯੁੱਗ ਦੀ ਸਿਰਜਣਾ ਐ ਜਦੋਂ ਪੰਜਾਬੀ ਗਾਇਕੀ ਵਿੱਚ ਬਠਿੰਡਾ ਪੰਜਾਬੀ ਗਾਇਕਾਂ ਦਾ ਗੜ੍ਹ ਬਣਿਆ ਤੇ ਪੰਜਾਬੀ ਗਾਇਕੀ ਵਿੱਚ ਇੱਕ ਨਵਾਂ ਨਾਮ ਇਜ਼ਾਦ ਹੋਇਆ "ਬਠਿੰਡਾ ਮਾਰਕਾ ਗਾਇਕੀ" ਇਹ ਓਹ ਸਮਾਂ ਸੀ ਜਦੋਂ ਬਠਿੰਡੇ ਦੇ ਗਾਇਕਾਂ ਦੀ ਧਮਕ ਸਰੀ ਟੋਰਾਂਟੋ ਨਿਊਯਾਰਕ ਨਿਊਜ਼ੀਲੈਂਡ ਆਸਟ੍ਰੇਲੀਆ ਤੇ ਲੰਡਨ ਤੱਕ ਸੁਣਾਈ ਦਿੰਦੀ ਸੀ, ਜਸਵਿੰਦਰ ਬਰਾੜ, ਧਰਮਪ੍ਰੀਤ, ਹਰਦੇਵ ਮਾਹੀਨੰਗਲ ਦਾ ਇੱਕ ਸੁਨਹਿਰੀ ਯੁੱਗ ਸੀ ਪਰ ਇਹਨਾਂ ਗਾਇਕਾਂ ਦੇ ਪਿੱਛੇ ਜੋ ਰੀੜ੍ਹ ਦੀ ਹੱਡੀ ਸੀ ਉਸਦਾ ਨਾਮ ਹੈ "ਭਿੰਦਰ ਡੱਬਵਾਲੀ"। ਭਿੰਦਰ ਕੋਈ ਰਾਤੋ ਰਾਤ ਸਟਾਰ ਨਹੀਂ ਬਣਿਆਂ ਭਿੰਦਰ ਮੇਰਾ ਬਹੁਤ ਪੁਰਾਣਾ ਮਿੱਤਰ ਐ। ਭਿੰਦਰ ਜਦੋਂ ਘੜੀ ਸਾਜੀ ਦਾ ਕੰਮ ਕਰਦਾ ਸੀ ਉਹਨਾਂ ਵੇਲਿਆਂ ਦਾ ਮੇਰਾ ਜਾਣੂੰ ਐ !

ਆਹ ਗੀਤ ਲਿਖਣ ਦਾ ਸ਼ੌਕ ਤਾਂ ਉਸਨੂੰ ਘੜੀਆਂ ਦੀ ਮਸ਼ੀਨ ਤੇ ਪੈਟਰੋਲ ਵਾਲਾ ਬੁਰਸ਼ ਘਸਾਉਂਦੇ ਨੂੰ ਹੀ ਪੈ ਗਿਆ ਸੀ। ਮੈਂ ਜਿੱਥੋਂ ਗੱਲ ਦੀ ਸ਼ੁਰੂਆਤ ਕੀਤੀ ਐ ਇਹ ਗੀਤ ਵੀ ਉਹਨਾਂ ਦਿਨਾਂ ਦੀ ਹੀ ਸਿਰਜਣਾ ਹੈ ।

ਉਹਨਾਂ ਦਿਨਾਂ ਵਿੱਚ ਭਿੰਦਰ ਨੇ ਇਹ ਸੋਲੋ ਗੀਤ ਲਿਖਿਆ ਸੀ ਜੋ ਕੁੱਝ ਇਸ ਤਰ੍ਹਾਂ ਸੀ ਕਿ ਇੱਕ ਨੌਜਵਾਨ ਵਿਆਹ ਕਰਵਾ ਕੇ ਵਿਦੇਸ਼ ਚਲਾ ਜਾਂਦਾ ਹੈ ਪਿੱਛੋਂ ਉਸਦੀ ਘਰਵਾਲੀ ਉਸਨੂੰ ਖਤ ਲਿਖਦੀ ਐ ਕਿ ਮੇਰੇ ਪੇਕਿਆਂ ਦੀ ਦਾਜ ਵਿੱਚ ਦਿੱਤੀ ਫੀਏਟ ਕਾਰ ਨੂੰ ਤੇਰਾ ਵੱਡਾ ਭਰਾ ਹੀ ਦੱਬੀ ਫਿਰਦੈ , ਇਹ ਸੋਲੋ ਗੀਤ ਸੀ ਜੋ ਭਿੰਦਰ ਦੀ ਲਿਖਤ ਹੈ। ਉਹਨਾਂ ਦਿਨਾਂ ਵਿੱਚ ਬਾਂਡੀ ਪਿੰਡ ਦਾ ਬਲਬੀਰ ਗਰੇਵਾਲ ਜਿਸਦੇ ਪਹਿਲਾਂ ਵੀ ਗੀਤ ਰਿਕਾਰਡ ਹੋ ਚੁੱਕੇ ਸਨ, ਜਿਸਦੀ ਕਲਾਕਾਰਾਂ ਕੋਲ ਆਉਣੀ ਜਾਣੀ ਸੀ,,ਭਿੰਦਰ ਦਾ ਮਿੱਤਰ ਸੀ।

ਭਿੰਦਰ ਨੇ ਇਹ ਗੀਤ ਗਰੇਵਾਲ ਦੇ ਜਰੀਏ ਗੁਲਸ਼ਨ ਕੋਮਲ ਤੋਂ ਰਿਕਾਰਡ ਕਰਾਉਣ ਲਈ ਭੇਜਿਆ, ਉਹਨਾਂ ਦਿਨਾਂ ਵਿੱਚ ਸੁਰਿੰਦਰ ਛਿੰਦਾ ਤੇ ਗੁਲਸ਼ਨ ਕੋਮਲ ਦਾ ਸੈਟ ਸੀ, ਜਦੋਂ ਗੀਤ ਸੁਰਿੰਦਰ ਛਿੰਦਾ ਨੇ ਪੜ੍ਹਿਆ ਤਾਂ ਉਸਨੇ ਗਰੇਵਾਲ ਨੂੰ ਕਿਹਾ ਕਿ ਦੋਗਾਣਿਆਂ ਦਾ ਦੌਰ ਐ ਗੀਤ ਵਧੀਆ ਐ ਇਸਨੂੰ ਦੋ-ਗਾਣਾ ਰੂਪ ਦਿਓ। ਗਰੇਵਾਲ ਨੇ ਮੁੰਡੇ ਵਾਲੇ ਬੋਲ ਖੁਦ ਲਿਖ ਦਿੱਤੇ ਤੇ ਗੀਤ ਰਿਕਾਰਡ ਹੋ ਗਿਆ । ਉਂਜ ਮੂਲ ਰੂਪ ਵਿੱਚ ਜੋ ਆਖਰੀ ਅੰਤਰਾ ਭਿੰਦਰ ਨੇ ਲਿਖਿਆ ਸੀ ਉਹ ਕੁਝ ਇਸ ਤਰ੍ਹਾਂ ਸੀ


ਭਿੰਦਰ ਡੱਬਵਾਲੀ ਅਤੇ ਅਸ਼ੋਕ ਬਾਂਸਲ ਮਾਨਸਾ

**ਡੱਬਵਾਲੀ ਮੰਡੀ ਮਿਹਣੇ ਮਾਰਦੀ**
**ਯੱਖਣਾ ਪੱਟਤੀ ਨਵੀਂ ਕਾਰ ਦੀ**
**ਛੜੇ ਜੇਠ ਦੇ ਚੜ੍ਹਗੀ ਧੱਕੇ**
**ਭਿੰਦਰ ਹੱਸ ਹੱਸ ਕਹਿੰਦਾ**
**ਤੇਰੀ ਫੀਏਟ ਤੇ ਜੇਠ ਨਜ਼ਾਰੇ ਲੈਂਦਾ**

ਗੀਤ ਗਰੇਵਾਲ ਤੇ ਭਿੰਦਰ ਦੋਵਾਂ ਦੇ ਹੀ ਨਾਮ ਤੇ ਰਿਕਾਰਡ ਤਾਂ ਹੋ ਗਿਆ, ਹਿੱਟ ਵੀ ਹੋ ਗਿਆ । ਭਿੰਦਰ ਨੂੰ ਇਸ ਗੀਤ ਨੇ ਐਸਾ ਹੁਲਾਰਾ ਦਿੱਤਾ,, ਤੇ ਉਸਦਾ ਸ਼ੌਕ ਅੰਗੜਾਈਆਂ ਲੈਣ ਲੱਗ ਪਿਆ ।

ਉਸਤੋਂ ਬਾਅਦ ਬਠਿੰਡੇ ਪਾਇਲ ਕੰਪਨੀ ਸ਼ੁਰੂ ਹੋਈ ਉਸਦੇ ਲਈ ਭਿੰਦਰ ਨੇ ਕੁਲਦੀਪ ਪਾਰਸ, ਹਾਕਮ ਬਖਤੜੀਵਾਲਾ ਨੂੰ ਰਿਕਾਰਡ ਕੀਤਾ । ਦੀਦਾਰ ਸੰਧੂ ਨੂੰ ਵੀ ਰਿਕਾਰਡ ਕੀਤਾ ਦੀਦਾਰ ਦੀ ਐਲਬਮ ਵਿੱਚ "ਜੇਠ ਜਿਠਾਣੀ ਦੇ ਬੁਲ੍ਹਾਂ ਨੂੰ ਸੁਰਖੀ ਲਾਉਂਦਾ" ਭਿੰਦਰ ਦੀ ਹੀ ਲਿਖਤ ਸੀ ।1991 ਵਿੱਚ ਸਾਡੇ ਸਾਂਝੇ ਮਿੱਤਰ ਸਿਰਸਾ ਨਿਵਾਸੀ ਸੁਰਿੰਦਰ ਕੁਮਾਰ ਗੋਇਲ ਨੇ ਗੋਇਲ ਮਿਊਜ਼ਿਕ ਦੀ ਸ਼ੁਰੂਆਤ ਕੀਤੀ (ਗੋਇਲ ਸਾਹਿਬ ਸਰਸੇ ਦੇ ਐਚ ਐਮ ਵੀ ਕੰਪਨੀ ਦੇ ਡਿਸਟ੍ਰਬਿਊਟਰ ਸਨ) ਜਿਸਦੀ ਪਹਿਲੀ ਐਲਬਮ ਜਸਵੰਤ ਸੰਦੀਲਾ ਤੇ ਕੁਲਦੀਪ ਕੌਰ ਦੀਆਂ ਆਵਾਜ਼ਾਂ ਵਿੱਚ "ਛੱਡਣਾ ਸ਼ਹਿਰ ਲੁਧਿਆਣਾ" ਸੀ ।ਉਸਤੋਂ ਬਾਅਦ ਭਿੰਦਰ ਤੇ ਗੋਇਲ ਦੀ ਜੁਗਲਬੰਦੀ ਦਾ ਰੰਗ ਪੂਰੇ ਪੰਜਾਬ ਨੇ ਦੇਖਿਆ ਜਦੋਂ ਧਰਮਪ੍ਰੀਤ ਦੀ ਐਲਬਮ ਹਿਟ ਹੋਈ, ਪਰਮਿੰਦਰ ਸੰਧੂ, ਹਰਦੇਵ ਮਾਹੀਨੰਗਲ, ਜਸਵਿੰਦਰ ਬਰਾੜ ਨਵੇਂ ਕਲਾਕਾਰਾਂ ਦੇ ਨਾਲ ਕੁਲਦੀਪ ਮਾਣਕ ਤੇ ਮੁਹੰਮਦ ਸਦੀਕ ਜਿਹੇ ਧੰਮ ਲੋਕ-ਗਾਇੱਕ ਵੀ ਭਿੰਦਰ ਤੇ ਗੋਇਲ ਨੇ ਰਿਕਾਰਡ ਕੀਤੇ, ਪਰ ਇੱਕ ਅਰਸੇ ਪਿੱਛੋਂ ਗੋਇਲ ਤੇ ਭਿੰਦਰ ਵਿੱਚ ਇੱਕ ਦਰਾਰ ਪੈਦਾ ਹੋ ਗਈ ਜਿਸ ਨਾਲ ਗੋਇਲ ਤੇ ਭਿੰਦਰ ਦਾ ਹੀ ਨੁਕਸਾਨ ਨਹੀਂ ਹੋਇਆ ਸਗੋਂ ਪੰਜਾਬੀ ਸਰੋਤਿਆਂ ਦਾ ਵੀ ਕਾਫੀ ਨੁਕਸਾਨ ਹੋਇਆ ।

# ਐਲਬਰਟਾ ਦੀ ਖੁਦਮੁਖ਼ਤਿਆਰੀ ਨੂੰ ਲੈ ਕੇ ਹੋਈ ਡੀਬੇਟ ਦਾ ਨਿਚੋੜ



**Rishi Nagar**
Senator, University of Calgary (2018-2024)
Member, Anti Racism Action Committee, Calgary (2020-2022)
Member, CPS Anti Racism Committee (2021)
News Director and Host - 106.7 RED FM (CKYR) Calgary
T 403.286.1010 C 587.899.1060
Follow me at Twitter.com/@RishiKnagar"rishinagar.ca

ਸੋਮਵਾਰ, 25 ਮਈ,2026 ਕੈਲਗਰੀ ਦੇ ਗ੍ਰੈਂਡ ਹੋਟਲ ਦੇ ਥੀਏਟਰ ਵਿੱਚ ਸ਼ਾਮ ਮੁੱਕਣ ਤੋਂ ਪਹਿਲਾਂ ਥੀਏਟਰ ਦਾ ਇੱਕ ਪਾਸਾ ਆਜ਼ਾਦ ਐਲਬਰਟਾ ਦੀ ਭਿਆਨਕ ਤਸਵੀਰ ਪੇਸ਼ ਕਰ ਰਿਹਾ ਸੀ, ਜਦਕਿ ਦੂਜਾ ਪਾਸਾ ਇਸਨੂੰ 'ਬੇਬੁਨਿਆਦ ਡਰ ਫੈਲਾਉਣ' ਦਾ ਨਾਮ ਦੇ ਰਿਹਾ ਸੀ। ਐਲਬਰਟਾ ਦਾ ਸਾਬਕਾ ਪ੍ਰੀਮੀਅਰ ਜੇਸਨ ਕੈਨੀ ਪੂਰੀ ਤਿਆਰੀ ਨਾਲ ਆਇਆ ਸੀ। ਉਸਦੇ ਕੋਲ ਇੱਕ ਐਸਾ ਤਰਕ ਸੀ ਜਿਸਨੂੰ ਉਹ ਆਪਣਾ ਸਭ ਤੋਂ ਵੱਡਾ ਹਥਿਆਰ ਸਮਝਦਾ ਸੀ। ਉਹ ਸਿਰਫ਼ ਠੀਕ ਸਮੇਂ ਦੀ ਉਡੀਕ ਕਰ ਰਿਹਾ ਸੀ। ਇੱਥੇ ਚਰਚਾ ਹੋ ਰਹੀ ਸੀ ਕਿ ਐਲਬਰਟਾ ਨੂੰ ਕੈਨੇਡਾ ਵਿੱਚ ਰਹਿਣਾ ਚਾਹੀਦਾ ਹੈ ਜਾਂ ਵੱਖ ਹੋ ਜਾਣਾ ਚਾਹੀਦਾ ਹੈ। ਸਾਬਕਾ ਪ੍ਰੀਮੀਅਰ Jason Kenney ਦਾ ਮੁਕਾਬਲਾ ਪ੍ਰਸਿੱਧ ਵਕੀਲ Keith Wilson KC ਨਾਲ ਸੀ। ਜੇਸਨ ਕੈਨੀ ਕੈਨੇਡਾ ਦੇ ਹੱਕ ਵਿੱਚ ਸੀ ਤੇ ਵਿਲਸਨ, ਆਜ਼ਾਦ ਐਲਬਰਟਾ ਦੇ ਹੱਕ ਵਿੱਚ। ਕੈਨੀ ਨੇ ਕਿਹਾ ਕਿ ਐਲਬਰਟਾ ਕਈ ਲੜਾਈਆਂ ਜਿੱਤ ਰਿਹਾ ਹੈ, ਜਿੱਤਿਆ ਹੈ ਅਤੇ ਉਸਨੂੰ ਕੈਨੇਡਾ ਵਿੱਚ ਹੀ ਰਹਿਣਾ ਚਾਹੀਦਾ ਹੈ। ਉਸਨੇ ਪ੍ਰਧਾਨ ਮੰਤਰੀ Mark Carney ਅਤੇ ਐਲਬਰਟਾ ਪ੍ਰੀਮੀਅਰ Danielle Smith ਵਿਚਾਲੇ ਹੋਏ ਸਮਝੌਤੇ ਦਾ ਜ਼ਿਕਰ ਕੀਤਾ, ਜਿਸ ਬਾਰੇ ਸਮਿਥ ਦਾ ਮੰਨਣਾ ਹੈ ਕਿ ਇਸ ਨਾਲ West Coast ਤੱਕ ਤੇਲ ਪਾਈਪਲਾਈਨ ਬਣ ਸਕਦੀ ਹੈ।

ਉਸਨੇ ਪੁੱਛਿਆ ਕਿ ਕੀ ਉਹ ਚਾਹੁੰਦੇ ਹਨ ਕਿ ਐਲਬਰਟਾ ਇਕ ਪੱਖੀ ਤੌਰ 'ਤੇ ਕੈਨੇਡਾ ਤੋਂ ਆਜ਼ਾਦੀ ਦਾ ਐਲਾਨ ਕਰ ਦੇਵੇ ? ਭੀੜ ਨੇ ਤਾਲੀਆਂ ਵਜਾਈਆਂ ਕਿਉਂਕ ਥੀਏਟਰ ਵਿੱਚ ਆਏ ਬਹੁਤੇ ਲੋਕ ਚਾਹੁੰਦੇ ਸਨ ਕਿ ਐਲਬਰਟਾ, ਕੈਨੇਡਾ ਤੋਂ ਵੱਖ ਹੋ ਜਾਵੇ।

ਕੈਨੀ ਨੇ ਕਿਹਾ ਕਿ ਆਜ਼ਾਦੀ ਦੇ ਐਲਾਨ ਦੇ ਅਗਲੇ ਹੀ ਦਿਨ ਐਲਬਰਟਾ ਦੇ 47 ਮੂਲ ਨਿਵਾਸੀ ਗਰੁੱਪ ਕਹਿਣਗੇ ਕਿ ਉਹ ਕੈਨੇਡਾ ਵਿੱਚ ਹੀ ਰਹਿਣਗੇ। ਉਹ ਕੈਨੇਡਾ ਦੀ ਫੈਡਰਲ ਸਰਕਾਰ ਨਾਲ ਕੀਤੇ ਸਮਝੌਤਿਆਂ ਨੂੰ ਨਵੇਂ ਰਿਪਬਲਿਕ ਆਫ਼ ਐਲਬਰਟਾ ਨੂੰ ਸੌਂਪਣ ਤੋਂ ਇਨਕਾਰ ਕਰਨਗੇ। ਕੈਨੀ ਨੇ ਕਿਹਾ ਇਸ ਗੱਲ ਦਾ ਖ਼ਦਸ਼ਾ ਹੈ ਕਿ ਇਸ ਨਾਲ ਵੱਡੇ ਪੱਧਰ ਦੀ ਸਿਵਲ ਡਿਸਓਬੀਡੀਐਂਸ - ਸਿਵਲ ਨਾ-ਫੁਰਮਾਨੀ, ਸਿਵਲ ਵਾਰ ਵਰਗੇ ਹਾਲਾਤ ਬਣ ਜਾਣਗੇ। ਉਸਨੇ ਕਿਹਾ ਕਿ ਐਡਮੰਟਨ ਅਤੇ ਕੈਲਗਰੀ ਦੇ ਜ਼ਿਆਦਾਤਰ ਲੋਕਾਂ ਨੇ ਆਜ਼ਾਦੀ ਦੇ ਵਿਰੋਧ ਵਿੱਚ ਵੋਟ ਪਾਉਣੀ ਹੈ ਤੇ ਉਹ ਕੈਨੇਡਾ ਦੇ ਨਾਲ ਹੀ ਰਹਿਣਗੇ। ਇਹ ਦੋਵੇਂ ਵੱਡੇ ਸ਼ਹਿਰ, ਜਿਨ੍ਹਾਂ ਵਿੱਚ ਲਗਭਗ 25 ਲੱਖ ਲੋਕ ਰਹਿੰਦੇ ਹਨ, ਵੱਖਵਾਦੀਆਂ ਨਾਲ ਸਹਿਯੋਗ ਕਰਨ ਤੋਂ ਇਨਕਾਰ ਕਰ ਸਕਦੇ ਹਨ।

ਕੈਨੀ ਦੇ ਅਨੁਸਾਰ, ਇਸ ਨਾਲ ਐਲਬਰਟਾ ਵਿੱਚ ਇੱਕ ਕਿਸਮ ਦੀ ਰਾਜਨੀਤਿਕ ਘਰੇਲੂ - ਯੁੱਧ ਵਾਲੀ ਸਥਿਤੀ ਬਣ ਸਕਦੀ ਹੈ। ਲੋਕ ਸੂਬਾ ਛੱਡਣਗੇ। ਘਰਾਂ ਦੀਆਂ ਕੀਮਤਾਂ ਡਿੱਗਣਗੀਆਂ। ਉਸਨੇ ਕਿਹਾ ਕਿ ਜੇ ਕੈਨੇਡਾ ਸਰਕਾਰ ਨਾਲ ਗੱਲਬਾਤ ਹੋਈ ਵੀ, ਤਾਂ ਅਜ਼ਾਦ ਹੋਣ ਵਾਲੇ ਗਰੁੱਪ ਵਿੱਚੋਂ ਉਹ ਕੌਣ ਕਰੇਗਾ ? ਮੌਜੂਦਾ ਸਰਕਾਰ ਤਾਂ ਕੈਨੇਡਾ ਨਾਲ ਰਹਿਣ ਦੇ ਹੱਕ ਵਿੱਚ ਹੈ। ਕੈਨੀ ਨੇ ਵੱਖਵਾਦੀ ਆਗੂ Mitch Sylvestre 'ਤੇ ਵੀ ਤੰਜ ਕੱਸਿਆ। ਉਸਨੇ ਕਿਹਾ ਕਿ ਆਜ਼ਾਦੀ ਦੇ ਅਗਲੇ ਦਿਨ ਕੈਨੇਡਾ ਸਰਕਾਰ, ਵੱਖਰੇ ਬਣੇ ਦੇਸ਼ ਐਲਬਰਟਾ ਵਾਸੀਆਂ ਦੇ ਕੈਨੇਡੀਅਨ ਪਾਸਪੋਰਟ ਰੱਦ ਕਰੇਗੀ। ਅੰਤਰਰਾਸ਼ਟਰੀ ਹਵਾਈ ਸੇਵਾਵਾਂ ਐਲਬਰਟਾ ਤੋਂ ਉਡਾਣਾਂ ਨੂੰ ਮੰਨਣ ਤੋਂ ਇਨਕਾਰ ਕਰਨਗੀਆਂ ਕਿਉਂਕਿ ਨਵੀਂ ਸਰਕਾਰ ਨਾਲ ਸਮਝੌਤੇ ਮਗਰੋਂ ਹੀ ਅਜਿਹਾ ਹੋ ਸਕਦਾ ਹੈ। ਕੈਨੀ ਨੇ ਕਿਹਾ ਕਿ ਟ੍ਰਾਂਸ ਮਾਊਂਟੇਨ ਪਾਈਪ ਲਾਈਨ ਕੈਨੇਡਾ ਸਰਕਾਰ ਦੀ ਮਲਕੀਅਤ ਹੈ ਅਤੇ ਉਹ ਐਲਬਰਟਾ ਦੇ ਆਜ਼ਾਦ ਹੁੰਦਿਆਂ ਹੀ ਇਸਨੂੰ ਬੰਦ ਵੀ ਕਰ ਸਕਦੀ ਹੈ। ਕੈਨੀ ਦੇ ਮੁਤਾਬਕ, ਐਲਬਰਟਾ ਦੀ ਆਜ਼ਾਦੀ ਆਧੁਨਿਕ ਇਤਿਹਾਸ ਦੀ ਸਭ ਤੋਂ ਵੱਡੀ ਆਰਥਿਕ ਖ਼ੁਦਕੁਸ਼ੀ ਹੋਵੇਗੀ। ਉਸਨੇ ਇਹ ਵੀ ਕਿਹਾ ਕਿ ਇਸ ਨਾਲ ਤੇਲ ਅਤੇ ਗੈਸ ਉਦਯੋਗ ਦਾ ਭਵਿੱਖ ਖਤਰੇ ਵਿੱਚ ਪੈ ਸਕਦਾ ਹੈ। ਜੇਸਨ ਕੈਨੀ ਮੁਤਾਬਕ, ਜੇ ਐਲਬਰਟਾ ਨੂੰ NATO ਵਿੱਚ ਸ਼ਾਮਲ ਹੋਣਾ ਹੋਵੇ, ਤਾਂ ਇਸ ਲਈ 30 ਬਿਲੀਅਨ ਡਾਲਰ ਦਾ ਖਰਚਾ ਆ ਸਕਦਾ ਹੈ। ਨਵਾਂ ਦੇਸ਼ ਬਣਾਉਣ ਲਈ ਐਲਬਰਟਾ ਨੂੰ ਉਹ ਸਾਰੇ ਪ੍ਰਬੰਧ - ਫ਼ੌਜ, ਪੁਲਿਸ, ਅੰਤਰਰਾਸ਼ਟਰੀ ਸਿਫਾਰਤਖਾਨੇ, ਸਟਾਫ਼ - ਆਪਣੇ ਤੌਰ 'ਤੇ ਕਰਨੇ ਪੈਣਗੇ ਜੋ ਇਸ ਵੇਲੇ ਕੈਨੇਡਾ ਸਰਕਾਰ ਕਰਦੀ ਹੈ। ਇਸ ਨਾਲ ਖਰਚੇ ਅਤੇ ਟੈਕਸ ਦੋਵੇਂ ਵਧਣਗੇ।

ਕੈਨੀ ਨੇ ਕਿਹਾ ਕਿ ਵੱਖਵਾਦ ਦੇ ਡਰ ਨਾਲ ਐਲਬਰਟਾ ਵਿੱਚ ਫੈਡਰਲ ਲਿਬਰਲ ਪਾਰਟੀ ਦਾ ਸਮਰਥਨ ਵਧ ਰਿਹਾ ਹੈ ਅਤੇ ਉਸਦੀ ਪੁਰਾਣੀ ਪਾਰਟੀ UCP ਵਿੱਚ ਟੁੱਟ ਭੱਜ ਹੋ ਸਕਦੀ ਹੈ। ਉਹਨਾਂ ਕਿਹਾ ਕਿ ਜੇ ਔਟਵਾ ਵਿੱਚ ਲਿਬਰਲ ਸੰਸਦ ਮੈਂਬਰਾਂ ਦੀ ਹੋਰ ਗਿਣਤੀ ਵਧ ਗਈ ਅਤੇ Naheed Nenshi ਐਲਬਰਟਾ ਦਾ ਪ੍ਰੀਮੀਅਰ ਬਣ ਗਿਆ, ਤਾਂ ਐਲਬਰਟਾ ਹੋਰ ਮਜ਼ਬੂਤ ਨਹੀਂ ਹੋਵੇਗਾ।

ਦੂਜੇ ਪਾਸੇ, Keith Wilson ਨੇ ਕਿਹਾ ਕਿ ਕੈਨੇਡਾ ਇੱਕ ਨਾਕਾਮਯਾਬ ਤਜਰਬਾ ਹੈ। ਉਸਨੇ ਦਾਅਵਾ ਕੀਤਾ ਕਿ ਐਲਬਰਟਾ ਆਪਣੇ ਬਲਬੂਤੇ 'ਤੇ ਹੋਰ ਵਧੀਆ ਕਰ ਸਕਦਾ ਹੈ ਅਤੇ ਅਸਲੀ ਖਤਰਾ ਕੈਨੇਡਾ ਵਿੱਚ ਰਹਿਣ ਵਿੱਚ ਹੈ। ਵੱਖਵਾਦੀਆਂ ਨੇ ਇਸ 'ਤੇ ਖ਼ੂਬ ਤਾਲੀਆਂ ਵਜਾਈਆਂ। ਵਿਲਸਨ ਨੇ ਕਿਹਾ ਕਿ ਮਾਹਿਰ ਇਸ ਗੱਲ 'ਤੇ ਕੰਮ ਕਰ ਰਹੇ ਹਨ ਕਿ ਆਜ਼ਾਦ ਐਲਬਰਟਾ ਕਿਵੇਂ ਚੱਲੇਗਾ।

ਕੇਨੀ ਨੇ ਕਿਹਾ ਕਿ ਵੱਖਵਾਦੀ ਗੰਭੀਰ ਨਹੀਂ ਹਨ।

ਵਿਲਸਨ ਦਾ ਕਹਿਣਾ ਸੀ ਕਿ - ਤੁਸੀਂ ਜੋ ਸੁਣ ਰਹੇ ਹੋ, ਉਹ ਡਰ ਹੈ। ਤੁਸੀਂ ਜੋ ਸੁਣ ਰਹੇ ਹੋ, ਉਹ ਸਿਰਫ਼ ਜਜ਼ਬਾਤ ਹਨ।

ਹੁਣ ਸਭ ਦੀ ਨਜ਼ਰ ਇਸ ਗੱਲ 'ਤੇ ਹੈ ਕਿ ਐਲਬਰਟਾ ਦੀ ਆਜ਼ਾਦੀ ਦੇ ਹਮਾਇਤੀ ਅਗਲਾ ਕਦਮ ਕੀ ਚੁੱਕਦੇ ਹਨ।

## facebook ਫੇਸਬੁੱਕ ਪਰਿਵਾਰ ਦੀਆਂ ਗੱਲਬਾਤਾਂ

### ਤਾਸ਼ ਦਾ ਇਤਿਹਾਸ (ਭਾਗ-4)

# ਕੌਣ ਸਨ ਤਾਸ਼ ਦੇ ਚਾਰੇ ਗੋਲੇ ਜਾਂ ਗੁਲਾਮ ?

(ਪਹਿਲੇ ਤਿੰਨ ਭਾਗਾਂ ਵਿੱਚ ਤੁਸੀਂ ਤਾਸ਼ ਦੀ ਉਤਪਤੀ ਕਿਵੇਂ ਹੋਈ, ਪੂਰੀ ਦੁਨੀਆਂ ਵਿੱਚ ਕਿਵੇਂ ਗਿਆ, ਇਸ ਦੇ ਰੰਗ ਕਿਵੇਂ ਬਣੇ ਅਤੇ ਉਹਨਾਂ ਦਾ ਕੀ ਮਹੱਤਵ ਸੀ, ਇਸ ਦੇ ਚਾਰੇ ਬਾਦਸ਼ਾਹਾਂ ਅਤੇ ਬੇਗਮਾਂ ਦਾ ਇਤਿਹਾਸ ਪੜ੍ਹਿਆ ਅਤੇ ਉਸਨੂੰ ਭਰਪੂਰ ਹੁੰਗਾਰਾ ਵੀ ਦਿੱਤਾ। ਅੱਜ ਇਸ ਲੇਖ ਦੀ ਆਖਰੀ ਕਿਸ਼ਤ ਵਿੱਚ ਇਸ ਦੇ ਚਾਰੇ ਗੁਲਾਮਾਂ ਜਾਂ ਗੋਲਿਆਂ ਦੇ ਇਤਿਹਾਸ ਬਾਰੇ ਜਾਣਾਂਗੇ, ਜਿਹੜੇ ਦੋਸਤ ਪੇਜ਼ ਨਾਲ਼ ਨਵੇਂ ਜੁੜੇ ਹਨ ਜਾਂ ਜਿਨ੍ਹਾਂ ਨੇ ਪਹਿਲੇ ਤਿੰਨ ਭਾਗ ਨਹੀਂ ਪੜ੍ਹੇ ਉਹ ਪਹਿਲੇ ਤਿੰਨ ਭਾਗ ਪਿੰਨ ਕੁਮੈਂਟ ਵਿੱਚ ਦਿੱਤੇ ਗਏ ਲਿੰਕਾਂ ਨੂੰ ਖੋਲ ਕੇ ਪੜ੍ਹ ਸਕਦੇ ਹਨ)

ਤਾਸ਼ ਦੇ ਤੀਜੇ ਸਭ ਤੋਂ ਮਹੱਤਵਪੂਰਨ ਪੱਤੇ ਜਿਸ ਨੂੰ ਅਸੀਂ ਅਕਸਰ ਗੁਲਾਮ ਕਹਿ ਦਿੰਦੇ ਹਾਂ ਉਹ ਗੁਲਾਮ ਨਹੀਂ ਸਗੋਂ ਇਤਿਹਾਸ ਦੇ ਵੱਖ ਵੱਖ ਦੌਰ ਦੇ ਯੋਧੇ ਸਨ ਜਿਨ੍ਹਾਂ ਨੂੰ ਜੈਕ ਕਿਹਾ ਜਾਂਦਾ ਹੈ ।ਆਓ ਜਾਣਦੇ ਹਾਂ ਚਾਰੇ ਰੰਗਾਂ ਦੇ ਜੈਕ ਯੋਧਿਆਂ ਦਾ ਇਤਿਹਾਸ।

ਹੁਕਮ ਦਾ ਜੈਕ (Jack of Spades) — Ogier the Dane

ਹੁਕਮ ਦਾ ਜੈਕ ਸਭ ਤੋਂ ਵੱਧ ਸ਼ੂਰਵੀਰ ਅਤੇ ਤਾਕਤਵਰ ਯੋਧਾ ਮੰਨਿਆ ਜਾਂਦਾ ਹੈ। ਇਸ ਨੂੰ ਅਕਸਰ Charlemagne ਦੇ ਦੰਤਕਥਾਵੀ ਸੈਨਿਕ Ogier the Dane ਨਾਲ਼ ਸੰਬੰਧਿਤ ਮੰਨਿਆ ਜਾਂਦਾ ਹੈ। ਕਥਾਵਾਂ ਮੁਤਾਬਕ, ਉਹ ਡੈਨਮਾਰਕ ਦਾ ਰਾਜਕੁਮਾਰ ਸੀ ਜੋ ਚਾਰਲੇਮੇਨ ਦੀ ਫੌਜ ਵਿੱਚ ਇੱਕ ਮਹਾਨ ਯੋਧੇ ਵਜੋਂ ਉਭਰਿਆ। ਉਸ ਦੀਆਂ ਕਹਾਣੀਆਂ ਵਿੱਚ ਉਸ ਦੀ ਵਫ਼ਾਦਾਰੀ, ਅਦਭੁੱਤ ਤਾਕਤ ਅਤੇ ਮਦਦਗਾਰ ਸੁਭਾਅ ਦਾ ਜ਼ਿਕਰ ਮਿਲਦਾ ਹੈ। ਕੁਝ ਦਸਤਾਨਾਂ ਵਿੱਚ ਉਹ ਇੱਕ ਵਿਸ਼ਾਲ ਰਾਖਸ਼ ਨਾਲ਼ ਲੜਦਾ ਹੈ, ਜੋ ਉਸ ਦੀ ਬਹਾਦਰੀ ਨੂੰ ਮਿਥਿਹਾਸਕ ਰੂਪ ਦੇ ਦਿੰਦਾ ਹੈ।




ਹੁਕਮ (Spades) ਦਾ ਨਿਸ਼ਾਨ ਆਪਣੇ ਆਪ ਵਿੱਚ ਯੁੱਧ, ਮੌਤ ਅਤੇ ਸੰਘਰਸ਼ ਦਾ ਪ੍ਰਤੀਕ ਮੰਨਿਆ ਜਾਂਦਾ ਹੈ।ਇਹ ਮਿੱਟੀ ਨਾਲ਼ ਜੁੜਿਆ ਹੈ, ਜਿਸ ਵਿੱਚ ਸਿਪਾਹੀ ਲੜਦੇ ਵੀ ਹਨ ਤੇ ਮਾਰੇ ਵੀ ਜਾਂਦੇ ਹਨ। ਇਸ ਲਈ ਇਹ ਜੈਕ ਇੱਕ ਅਜਿਹੇ ਯੋਧੇ ਦੀ ਨੁਮਾਇੰਦਗੀ ਕਰਦਾ ਹੈ ਜੋ ਜੰਗ ਦੇ ਹਰ ਰੂਪ ਨੂੰ ਸਵੀਕਾਰ ਕਰਦਾ ਹੈ। ਤਾਸ਼ ਦੇ ਡਿਜ਼ਾਈਨ ਵਿੱਚ ਇਹ ਜੈਕ ਅਕਸਰ ਤਲਵਾਰ ਫੜਿਆ ਹੋਇਆ ਦਿਖਾਇਆ ਜਾਂਦਾ ਹੈ, ਉਸਦਾ ਚਿਹਰਾ ਸਖ਼ਤ ਅਤੇ ਫੈਸਲੇਕੁਨ ਹੁੰਦਾ ਹੈ,ਜਿਵੇਂ ਕਿ ਉਹ ਹਮੇਸ਼ਾ ਲੜਾਈ ਲਈ ਤਿਆਰ ਹੋਵੇ। ਇਹ ਪੱਤਾ ਤਾਕਤ, ਅਨੁਸ਼ਾਸਨ ਅਤੇ ਰਾਜਸੀ ਫੌਜੀ ਪ੍ਰਣਾਲੀ ਦਾ ਪ੍ਰਤੀਕ ਬਣਦਾ ਹੈ।

ਪਾਨ ਦਾ ਜੈਕ (Jack of Hearts) La Hire

ਪਾਨ ਦਾ ਜੈਕ ਭਾਵਨਾਵਾਂ, ਜਜ਼ਬੇ ਅਤੇ ਬਹਾਦਰੀ ਦਾ ਪ੍ਰਤੀਕ ਹੈ। ਇਸ ਨੂੰ ਫ੍ਰਾਂਸ ਦੇ ਯੋਧੇ La Hire ਨਾਲ਼ ਜੋੜਿਆ ਜਾਂਦਾ ਹੈ, ਜਿਸ ਦਾ ਅਸਲ ਨਾਮ Étienne de Vignolles ਸੀ। ਉਹ ਸੌ ਜਾਂਦਾ ਯੁੱਧ (Hundred Years' War) ਦੌਰਾਨ ਇੱਕ ਮਹੱਤਵਪੂਰਨ ਫੌਜੀ ਆਗੂ ਸੀ ਅਤੇ Joan of Arc ਦਾ ਨਜ਼ਦੀਕੀ ਸਾਥੀ ਸੀ।

ਲਾ ਹਾਇਰ ਦੀ ਖਾਸ ਗੱਲ ਇਹ ਸੀ ਕਿ ਉਹ ਸਿਰਫ਼ ਤਲਵਾਰ ਨਾਲ਼ ਨਹੀਂ, ਸਗੋਂ ਆਪਣੇ ਜਜ਼ਬੇ ਨਾਲ਼ ਵੀ ਲੜਦਾ ਸੀ। ਉਹ ਆਪਣੇ ਸਮੇਂ ਦੇ ਸਭ ਤੋਂ ਜੋਸ਼ੀਲੇ ਅਤੇ ਸਖ਼ਤ ਸੁਭਾਅ ਵਾਲੇ ਯੋਧਿਆਂ ਵਿੱਚੋਂ ਇੱਕ ਸੀ। ਉਸ ਦੀ ਬਹਾਦਰੀ ਦੇ ਨਾਲ਼-ਨਾਲ਼ ਉਸਦੀ ਧਾਰਮਿਕ ਸ਼ਰਧਾ ਵੀ ਕਹਾਣੀਆਂ ਵਿੱਚ ਦਰਸਾਈ ਜਾਂਦੀ ਹੈ।ਕਿਹਾ ਜਾਂਦਾ ਹੈ ਕਿ ਉਹ ਜੰਗ ਤੋਂ ਪਹਿਲਾਂ ਪ੍ਰਾਰਥਨਾ ਕਰਦਾ ਸੀ।

ਪਾਨ (Hearts) ਦਾ ਨਿਸ਼ਾਨ ਪਿਆਰ, ਜਜ਼ਬਾਤ ਅਤੇ ਮਨੁੱਖੀ ਦਿਲ ਨਾਲ਼ ਜੁੜਿਆ ਹੈ। ਇਸ ਲਈ ਇਹ ਜੈਕ ਸਿਰਫ਼ ਇੱਕ ਸੈਨਿਕ ਨਹੀਂ, ਸਗੋਂ ਇੱਕ ਅਜਿਹਾ ਯੋਧਾ ਹੈ ਜੋ ਆਪਣੇ ਦੇਸ਼ ਅਤੇ ਆਪਣੇ ਵਿਸ਼ਵਾਸ ਲਈ ਦਿਲੋਂ ਲੜਦਾ ਹੈ। ਤਾਸ਼ ਦੇ ਡਿਜ਼ਾਈਨ ਵਿੱਚ ਇਹ ਜੈਕ ਅਕਸਰ ਤਲਵਾਰ ਜਾਂ ਕੁਹਾੜੀ ਫੜਿਆ ਹੋਇਆ ਹੁੰਦਾ ਹੈ, ਅਤੇ ਉਸਦਾ ਅੰਦਾਜ਼ ਕੁਝ ਹੋਰ ਜੈਕਸ ਨਾਲੋਂ ਜ਼ਿਆਦਾ ਗਤੀਸ਼ੀਲ ਹੁੰਦਾ ਹੈ।

ਇੱਟ ਦਾ ਜੈਕ (Jack of Diamonds) — Hector

ਇੱਟ ਦਾ ਜੈਕ ਸ਼ਾਨ, ਮਰਯਾਦਾ ਅਤੇ ਯੋਧਿਆਂ ਦੇ ਸਨਮਾਨ ਦਾ ਪ੍ਰਤੀਕ ਹੈ। ਇਸ ਨੂੰ ਟ੍ਰੋਏ ਦੇ ਮਹਾਨ ਯੋਧੇ Hector ਨਾਲ਼ ਜੋੜਿਆ ਜਾਂਦਾ ਹੈ, ਜੋ Iliad ਵਿੱਚ ਇੱਕ ਕੇਂਦਰੀ ਪਾਤਰ ਹੈ। ਹੈਕਟਰ ਰਾਜਾ ਪ੍ਰਿਆਮ ਦਾ ਵੱਡਾ ਪੁੱਤਰ ਸੀ ਅਤੇ ਟ੍ਰੋਏਅਨ ਫੌਜ ਦਾ ਸਭ ਤੋਂ ਮਹੱਤਵਪੂਰਨ ਸੈਨਿਕ ਨੇਤਾ ਸੀ।ਉਸ ਦੀ ਸਭ ਤੋਂ ਵੱਡੀ ਖਾਸੀਅਤ ਉਸ ਦੀ ਇੱਜ਼ਤ ਅਤੇ ਫਰਜ਼ ਪ੍ਰਤੀ ਨਿਭਾਅ ਸੀ। ਉਹ ਜਾਣਦਾ ਸੀ ਕਿ ਜੰਗ ਵਿੱਚ ਉਸ ਦੀ ਮੌਤ ਨਿਸ਼ਚਿਤ ਹੈ, ਪਰ ਫਿਰ ਵੀ ਉਸ ਨੇ ਆਪਣੇ ਸ਼ਹਿਰ ਅਤੇ ਪਰਿਵਾਰ ਦੀ ਰੱਖਿਆ ਲਈ ਮੈਦਾਨ ਨਹੀਂ ਛੱਡਿਆ। ਉਸ ਦਾ ਟਾਕਰਾ Achilles ਨਾਲ਼ ਹੋਇਆ, ਜੋ ਯੂਨਾਨੀ ਪੱਖ ਦਾ ਸਭ ਤੋਂ ਵੱਡਾ ਯੋਧਾ ਸੀ।

ਇੱਟ (Diamonds) ਦਾ ਨਿਸ਼ਾਨ ਆਮ ਤੌਰ 'ਤੇ ਧਨ, ਰਾਜਸੀ ਸ਼ਾਨ ਅਤੇ ਸੰਪੱਤੀ ਨਾਲ਼ ਜੋੜਿਆ ਜਾਂਦਾ ਹੈ, ਪਰ ਇਸ ਜੈਕ ਵਿੱਚ ਇਹ ਯੁੱਧ ਰਣਨੀਤੀ ਅਤੇ ਸੈਨਿਕ ਸ਼ਕਤੀ ਦਾ ਪ੍ਰਤੀਕ ਵੀ ਬਣ ਜਾਂਦਾ ਹੈ।

ਤਾਸ਼ ਡਿਜ਼ਾਈਨ ਵਿੱਚ ਇਹ ਜੈਕ ਅਕਸਰ ਸਾਈਡ ਪ੍ਰੋਫਾਈਲ ਵਿੱਚ ਦਿਖਾਈ ਦਿੰਦਾ ਹੈ ਜੋ ਉਸ ਦੀ ਗੰਭੀਰਤਾ ਅਤੇ ਕੇਂਦ੍ਰਿਤ ਸੋਚ ਨੂੰ ਦਰਸਾਉਂਦਾ ਹੈ। ਇਹ ਇੱਕ ਅਜਿਹਾ ਯੋਧਾ ਹੈ ਜੋ ਸਿਰਫ਼ ਤਾਕਤ ਨਾਲ਼ ਨਹੀਂ, ਸਗੋਂ ਆਦਰ ਅਤੇ ਨੈਤਿਕਤਾ ਨਾਲ਼ ਵੀ ਲੜਦਾ ਹੈ।

ਚਿੜੀ ਦਾ ਜੈਕ (Jack of Clubs) (Lancelot / Judas Maccabeus)

ਚਿੜੀ ਦਾ ਜੈਕ ਸਭ ਤੋਂ ਦਿਲਚਸਪ ਹੈ ਕਿਉਂਕਿ ਇਸ ਨਾਲ਼ ਦੋ ਵੱਖ-ਵੱਖ ਪਰੰਪਰਾਵਾਂ ਜੁੜੀਆਂ ਹਨ।

ਪਹਿਲੀ ਰਾਏ ਇਸ ਨੂੰ Lancelot ਨਾਲ਼ ਜੋੜਦੀ ਹੈ। ਇਹ ਕਿੰਗ ਆਰਥਰ ਦੀਆਂ ਕਥਾਵਾਂ ਦਾ ਸਭ ਤੋਂ ਬਹਾਦੁਰ ਅਤੇ ਮਸ਼ਹੂਰ ਯੋਧਾ ਹੈ। ਲੈਂਸਲਾਟ ਵਫ਼ਾਦਾਰੀ, ਸ਼ੂਰਵੀਰਤਾ ਅਤੇ ਪ੍ਰੇਮ ਦੀਆਂ ਜਟਿਲ ਭਾਵਨਾਵਾਂ ਦਾ ਪ੍ਰਤੀਕ ਹੈ। ਉਹ ਇੱਕ ਅਜਿਹਾ ਯੋਧਾ ਸੀ ਜੋ ਲੜਾਈ ਵਿੱਚ ਅਜਿੱਤ ਸੀ, ਪਰ ਆਪਣੇ ਨਿੱਜੀ ਜੀਵਨ ਵਿੱਚ ਸੰਘਰਸ਼ਾਂ ਨਾਲ਼ ਘਿਰਿਆ ਹੋਇਆ ਸੀ।

ਦੂਜੀ ਰਾਏ ਇਸ ਨੂੰ Judas Maccabeus ਨਾਲ਼ ਜੋੜਦੀ ਹੈ, ਜੋ ਯਹੂਦੀ ਇਤਿਹਾਸ ਵਿੱਚ ਇੱਕ ਮਹਾਨ ਬਗਾਵਤੀ ਅਤੇ ਧਾਰਮਿਕ ਨੇਤਾ ਸੀ। ਉਸ ਨੇ Maccabean Revolt ਦੀ ਅਗਵਾਈ ਕੀਤੀ ਅਤੇ ਆਪਣੇ ਲੋਕਾਂ ਨੂੰ ਆਜ਼ਾਦੀ ਲਈ ਪ੍ਰੇਰਿਤ ਕੀਤਾ।

ਚਿੜੀ (Clubs) ਦਾ ਨਿਸ਼ਾਨ ਆਮ ਲੋਕਾਂ, ਮਿਹਨਤ ਅਤੇ ਜ਼ਮੀਨੀ ਤਾਕਤ ਨਾਲ਼ ਜੋੜਿਆ ਜਾਂਦਾ ਹੈ। ਇਸ ਲਈ ਇਹ ਜੈਕ ਇੱਕ ਅਜਿਹਾ ਯੋਧਾ ਹੈ ਜੋ ਸਿਰਫ਼ ਰਾਜਸੀ ਦਰਬਾਰ ਨਾਲ਼ ਨਹੀਂ, ਸਗੋਂ ਆਮ ਲੋਕਾਂ ਦੀ ਲੜਾਈ ਨਾਲ ਵੀ ਜੁੜਿਆ ਹੈ।

ਡਿਜ਼ਾਈਨ ਵਿੱਚ ਇਹ ਜੈਕ ਅਕਸਰ ਭਾਲਾ ਜਾਂ ਤਲਵਾਰ ਫੜਿਆ ਹੋਇਆ ਹੁੰਦਾ ਹੈ ਅਤੇ ਕਈ ਵਾਰ ਉਸਦੀ ਟੋਪੀ ਵਿੱਚ ਖੰਭ (feather) ਵੀ ਦਿਖਾਈ ਦਿੰਦੇ ਹਨ ਜੋ ਉਸਦੀ ਯੋਧਿਆਂ ਵਾਲੀ ਪਹਿਚਾਣ ਨੂੰ ਹੋਰ ਨਿਖਾਰਦੇ ਹਨ।

ਇਹ ਚਾਰੇ ਜੈਕ ਮਿਲ ਕੇ ਸਾਨੂੰ ਦੱਸਦੇ ਹਨ ਕਿ ਤਾਕਤ ਸਿਰਫ਼ ਰਾਜਿਆਂ ਅਤੇ ਰਾਣੀਆਂ ਵਿੱਚ ਨਹੀਂ ਹੁੰਦੀ, ਅਸਲ ਬਹਾਦਰੀ ਉਹਨਾਂ ਯੋਧਿਆਂ ਵਿੱਚ ਹੁੰਦੀ ਹੈ ਜੋ ਮੈਦਾਨ ਵਿੱਚ ਉਤਰਦੇ ਹਨ। ਇਹ ਜਵਾਨ ਚਿਹਰੇ ਤਾਸ਼ ਦੇ ਪੱਤਿਆਂ ਨੂੰ ਇੱਕ ਜਿਉਂਦੀ ਜਾਗਦੀ ਇਤਿਹਾਸਕ ਕਿਤਾਬ ਬਣਾਉਂਦੇ ਹਨ, ਜਿੱਥੇ ਹਰ ਪੱਤਾ ਇੱਕ ਕਹਾਣੀ ਹੈ ਅਤੇ ਹਰ ਜੈਕ ਇੱਕ ਦਸਤਾਨ।ਅਗਲੀ ਵਾਰ ਜਦੋਂ ਤੁਸੀਂ ਤਾਸ਼ ਖੇਡੋ, ਤਾਂ ਇਹਨਾਂ ਜੈਕਾਂ (ਗੋਲਿਆਂ) ਨੂੰ ਧਿਆਨ ਨਾਲ਼ ਦੇਖੋ ਸ਼ਾਇਦ ਤੁਹਾਨੂੰ ਉਹਨਾਂ ਦੀਆਂ ਅੱਖਾਂ ਵਿੱਚ ਕੋਈ ਪੁਰਾਣੀ ਜੰਗ, ਕੋਈ ਕਸਮ ਜਾਂ ਕੋਈ ਅਧੂਰੀ ਕਹਾਣੀ ਨਜ਼ਰ ਆ ਜਾਵੇ।

**( ਗੁਰਪ੍ਰੀਤ ਪਸ਼ੌਰੀਆ ਦੀ ਫੇਸਬੁੱਕ ਉਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾ ਲਈ ਕਾਪੀ ਕੀਤਾ)**




# ਜਦੋਂ ਮੈਂ ਮਰਦੀ ਹੈ ਤਾਂ ਤਹੱਮਲ, ਠਰ੍ਹੰਮਾਂ, ਨਿਮਰਤਾ ਜਿਹੇ ਗੁਣਾਂ ਦਾ ਸੰਚਾਰ ਹੁੰਦਾ ਹੈ

**ਬਿਨੁ ਭਾਗਾ ਸਤਸੰਗੁ ਨ ਲਭੈ**
**ਬਿਨੁ ਸੰਗਤਿ ਮੈਲੁ ਭਰੀਜੈ ਜੀਉ।**
**ਮਾਝ ਮਹਲਾ 4**

ਮੈਂ ਬਹੁਤ ਛੋਟੀ ਸੀ ਜਦੋਂ ਇੱਕ ਦਿਨ ਸਾਡੇ ਪਿੰਡ ਦੀ ਕਿਸਨੋ ਲੁਹਾਰੀ ਫਤਿਹਗੜ੍ਹ ਸਾਹਿਬ ਦੇ ਜੋੜਮੇਲੇ ਤੋਂ ਮੁੜ ਕੇ ਮੇਰੀ ਭੂਆ ਜੀ ਨੂੰ ਅੱਖੀਂ ਵੇਖਿਆ ਹਾਲ ਦਸਦੀ ਕਹਿ ਰਹੀ ਸੀ, 'ਮੈਂ ਜਾਣਾਂ ਮੇਰਾ ਵਾਹਿਗੁਰੂ, ਬੀਬਾ ਉੱਥੇ ਤਾਂ ਕੁੱਲ ਖਲਕਤ ਆ ਜੁੜੀ ਸੀ'। ਉਸ ਸਮੇ ਮੈਂ ਆਪਣੀ ਬਾਲ-ਕਲਪਨਾ ਵਿੱਚ ਲੋਕਾਂ ਦੇ ਉਸ ਹਜੂਮ ਨੂੰ ਇੱਕ ਵਗਦੇ ਦਰਿਆ ਜਿਹਾ ਕਿਆਸ ਰਹੀ ਸੀ। ਉਦੋਂ ਅਸੀਂ ਵੱਡਿਆਂ ਦੀ ਗੱਲ 'ਤੇ ਉਜ਼ਰ ਜਾਂ ਤਰਕ ਨਹੀਂ ਸਗੋਂ ਵਿਸ਼ਵਾਸ ਹੀ ਕਰਦੇ ਸੀ। ਹੁਣ ਵਾਂਗ ਵੱਡਿਆਂ ਦੀ ਗੱਲ ਸੁਣ ਕੇ ਉਥੇ ਹੀ ਛੱਡ ਨਵੀਂ ਵਾਰਦਾਤ ਕੋਲ਼ ਨਹੀਂ ਜਾ ਖੜ੍ਹਦੇ ਸੀ। ਹੌਲ਼ੀ-ਹੌਲ਼ੀ ਮੈਂ ਉਮਰ ਨਾਲ਼ ਲੋਕਾਂ ਦੇ ਕਈ ਇਕੱਠ ਜੁੜਦੇ ਵੇਖੇ, ਫੇਰ ਪੜ੍ਹਨ ਸਮੇ ਬੋਧ ਹੋਇਆ ਕਿ ਇਸ ਦੀਆਂ ਕਈ ਕਿਸਮਾਂ ਹਨ। ਉਹ ਵੀ ਲੋਕ ਹਨ ਜੋ ਇਕੱਠੇ ਹੋ ਕੇ ਕਿਸੇ ਇਕੱਲੇ ਜਾਂ ਨਿਹੱਥੇ ਨੂੰ ਘੇਰਦੇ ਹਨ ਤੇ ਉਹ ਵੀ ਹਨ ਜੋ ਇਕੱਲੇ ਹੀ ਪੂਰੇ ਇਕੱਠ ਨਾਲ਼ ਜਾ ਟਕਰਾਉਂਦੇ ਹਨ। ਫੇਰ ਦੁਆਲ਼ੇ ਵਸਦੀ ਦੁਨੀਆਂ ਨਾਲ਼ ਮੇਰਾ ਵਾਹ ਪਿਆ, ਜਿੱਥੇ ਮੇਲੇ, ਮਹਿਫ਼ਿਲ, ਸੱਥ, ਦਰਸ਼ਕ, ਤਮਾਸ਼ਾ, ਹੜਤਾਲ਼ਾਂ ਜਾਂ ਸਭਾਵਾਂ ਵਿੱਚ ਲੋਕ ਆ ਜੁੜਦੇ, ਮਿਥੇ ਸਮੇਂ ਅਤੇ ਮਿਥੇ ਟੀਚੇ ਨਾਲ਼ ਨਿਭਦੇ ਅਤੇ ਵਖਰਦੇ ਹਨ। ਇਨ੍ਹਾਂ ਸਭ ਇਕੱਤਰਤਾਵਾਂ ਤੋਂ ਵੱਖਰਾ ਅਤੇ ਵਿਸ਼ੇਸ਼ ਸ਼ਬਦ ਮੈਨੂੰ ਅਮਰਜੀਤ ਗਰੇਵਾਲ਼ ਦੀ ਸੋਸ਼ਲ ਮੀਡੀਆ 'ਤੇ ਪੜ੍ਹੀ ਕਵਿਤਾ ਤੋਂ ਮਿਲਿਆ ਜਿਸ ਦਾ ਅਰਥ ਵਿਸਤਾਰ ਵਿਲੱਖਣ ਹੈ, ਉਹ ਹੈ 'ਸੰਗਤ'। ਕਿਸੇ ਵਿਦਵਾਨ ਨੇ ਕਿਹਾ ਹੈ - ਬੈਠੋ ਬਾ-ਅਦਬ ਹੋਕਰ, ਉਠੋ ਬਾ-ਖ਼ਬਰ ਹੋ ਕਰ। ਇਸ ਦਾ ਅਰਥ ਹੈ ਜਦੋਂ ਅਸੀਂ ਕਿਸੇ ਇਕੱਠ ਵਿੱਚ ਜਾ ਰਲਦੇ ਹਾਂ ਤਾਂ ਸਾਵੇਂ ਨਹੀਂ ਰਹਿੰਦੇ, ਹੋਰ ਤੋਂ ਹੋਰ ਹੋ ਜਾਂਦੇ ਹਾਂ। ਸਾਡੇ 'ਤੇ ਅਸਰ ਹੋ ਜਾਂਦਾ ਹੈ ਕਿਉਂ ਜੋ ਜੈਸੀ ਸੰਗਤ ਵੈਸੀ ਰੰਗਤ ਹੋ ਜਾਂਦੀ ਹੈ। ਅਸੀਂ ਸਭ ਉਸੇ ਮਹਿਫ਼ਿਲ ਜਾਂ ਸੱਥ ਦਾ ਹਿੱਸਾ ਬਣਦੇ ਹਾਂ ਜਿੱਥੇ ਸਾਡੇ ਅੰਦਰਲੀ ਸੋਚ ਦਾ ਸਿਰ ਪਲੋਸਿਆ ਜਾਂਦਾ ਹੋਵੇ,, ਜਿੱਥੇ ਸਿਆਣੇ ਬੁਲਾਰੇ ਇੱਕ ਤੋਂ ਇੱਕ ਸਿਆਣੀ, ਵਧੀਆ ਜਾਂ ਦਿਲਚਸਪ ਗੱਲ ਬੋਲਦੇ ਅਤੇ ਬੋਚਦੇ ਹਨ। ਮੈਚ ਲੱਗਣ ਵਾਂਗ ਗੱਲਾਂ 'ਚੋਂ ਨਿਕਲ਼ਦੀ ਗੱਲ ਸੁਣਨ ਲਈ ਸਰੋਤੇ ਪੂਰੇ ਚੁਕੰਨੇ ਹੁੰਦੇ ਹਨ, ਕਿਤੇ ਕੋਈ ਗੱਲ ਕੋਲ਼ ਦੀ ਨਿਕਲ਼ ਨਾ ਜਾਵੇ। ਜਿੱਥੇ ਹਰ ਗੱਲ ਨਹਿਲੇ 'ਤੇ ਦਹਿਲੇ ਵਾਂਗ ਆ ਪਏ। ਕਈ ਵਾਰ ਕਹੇ ਬੋਲ ਬਣੀ ਰਕਮ ਵਾਂਗ ਸਾਡੇ ਚੇਤੇ ਅੰਦਰ ਉਕਰੇ ਜਾਂਦੇ ਹਨ। ਬੋਲਣ ਵਾਲ਼ੇ ਦੇ ਅੰਦਰ ਦੀ ਥਾਹ ਪੈਂਦੀ ਹੈ। ਨਿਰਉਚੇਚ ਹੋ ਰਹੀ ਵਾਪਤਾਲਾਪ ਜ਼ਿਹਨ ਦੇ ਮਘੋਰੇ ਮੁੰਦ ਕੇ ਪਈਆਂ ਵਿਰਲਾਂ ਭਰਦੀ ਹੈ। ਹਾਜ਼ਰ ਜਵਾਬੀ ਦਾ ਰਸ ਮਾਣਦੇ ਅਸੀਂ ਸ਼ਕਰਪਾਰਿਆਂ ਵਾਂਗ ਸੁਆਦਲੀਆਂ ਅਤੇ ਖਟਮਿੱਠੀਆਂ ਗੱਲਾਂ ਮਾਣਦੇ ਹਾਂ। ਇੱਕ ਮੈਂਬਰ ਦੂਜੇ ਦਾ ਮੌਜੂ ਉਡਾਉਂਦਾ ਸਿਰਾ ਕਰਦਾ ਹੈ, ਦੂਜਾ ਹਰਖ ਦੀ ਥਾਂ ਠਹਾਕਾ ਮਾਰ ਕੇ ਮੋਹਰ ਲਾਉਂਦਾ ਹਾਮੀ ਭਰਦਾ ਹੈ। ਕਿਸੇ ਹੋਰ 'ਤੇ ਹੱਸਣ ਦੀ ਥਾਂ ਆਪੋ ਵਿੱਚ ਹੱਸਣ ਵਾਲ਼ਾ ਥਾਂ ਸਿਰਜਦਾ ਹੈ। ਵਕਤ ਦੀਆਂ ਸੂਈਆਂ ਵੱਲ ਦੇਖਣਾ ਭੁੱਲ ਜਾਈਦਾ ਹੈ। ਵਿੱਚੋਂ ਕਈਆਂ ਨੂੰ ਤਰੀਕਾਂ ਸਮੇਤ ਪੁਰਾਣੀ ਗੱਲ ਜਿਉਂ ਦੀ ਤਿਉਂ ਦੁਹਰਾ ਦੇਣ ਦੀ ਮੁਹਾਰਤ ਰੰਗ ਬੰਨ੍ਹਦੀ ਹੈ। ਸ਼ਬਦਾਂ ਦੀ ਤਰਤੀਬ ਸੁਰ ਚੇਤੇ ਹੁੰਦੀ ਹੈ। ਅਸਲ ਵਿੱਚ ਦੁਸ਼ਵਾਰੀਆਂ ਸਾਹਵੇਂ ਆਪਣੇ ਜੀਣ ਥੀਣ ਦੀ ਲਾਲਸਾ ਨੂੰ ਬੋਲਾਂ ਦਾ ਓਟ ਆਸਰਾ ਦੇ ਕੇ ਅਜਿਹੀ ਧੂਣੀ ਮਘਾ ਲੈਣ ਦਾ ਵੱਲ ਘੱਟ ਹੀ ਲੋਕਾਂ ਕੋਲ਼ ਹੁੰਦਾ ਹੈ। ਬਹੁਤੇ ਗੱਡੀ ਕੱਚੇ ਹੀ ਲਾਹ ਲੈਂਦੇ ਹਨ। ਹਰ ਸਮੇਂ ਹਾਣ ਦੀ ਗੱਲ ਕਰਨਾ, ਤਮੀਜ਼-ਯੁਕਤ ਸ਼ਬਦਾਂ ਨਾਲ਼ ਨਿਭਣਾ, ਚੁਸਤ ਅਤੇ ਅਨੁਭਵੀ ਬੋਲਾਂ ਨਾਲ਼ ਲਬਰੇਜ਼ ਕਥਨ ਹੀ ਸਰੋਤਾ ਮਨ ਲਈ ਸਮਾਂ ਸਾਹ ਰੋਕਣ ਵਾਂਗ ਰੱਖ ਸਕਦੇ ਹਨ। ਦੋਸਤਾਂ ਮਿੱਤਰਾਂ ਦੀ ਅਜਿਹੀ ਮਹਿਫ਼ਿਲ ਜਿਉਣ ਲਈ ਮਿਲੇ ਠੁੰਮ੍ਹਣੇ ਵਰਗੀ ਹੁੰਦੀ ਹੈ। ਇਉਂ ਹੀ ਗੁਰੂ ਮਹਾਰਾਜ ਦੀ ਹਜ਼ੂਰੀ ਵਿੱਚ ਜੁੜੀ ਗੁਰੂ ਰੂਪੀ ਸਾਧ ਸੰਗਤ ਦਾ ਮੁਹਾਂਦਰਾ ਅਸਲੋਂ ਹੀ ਵੱਖਰਾ, ਧਾਰਮਿਕ, ਸਮਾਜਿਕ ਅਸਰ ਰਖਦਾ ਹੈ। ਇਹ ਇਤਿਹਾਸ ਨੂੰ ਪੁਨਰਸੁਰਜੀਤ ਕਰਦਾ ਹੈ। ਵਿਸ਼ੇਸ਼ ਆਸ਼ੇ ਨਾਲ਼ ਸਮੂਹ ਲਈ ਇੱਕ ਮਹਾਂ ਅਨੰਦ ਦਾ ਸੰਦੇਸ਼ ਸਿਰਜਦਾ ਹੈ। ਜਿੱਥੇ ਰਾਜਾ ਰੰਕ ਬਰਾਬਰੀ ਹੈ, ਜਿੱਥੇ ਹੰਕਾਰ ਦੇ ਬੱਦਲ਼ ਛਟਦੇ ਹਨ, ਜਿੱਥੇ ਇੱਕੋ ਨਾਮ ਵਖਾਣੀਐ, ਜਿੱਥੇ ਸਾਰਾ ਜਹਾਂ ਹਮਾਰਾ ਲਗਦਾ ਹੈ। ਇੱਥੇ ਸਰਬੱਤ ਦੇ ਭਲੇ ਦਾ ਸੰਚਾਰ ਹੁੰਦਾ ਹੈ।ਸਿੱਖ ਇਤਿਹਾਸ ਨੂੰ ਸੱਜਰਾ ਕਰ ਕੇ ਪੁਨਰਸੁਰਜੀਤ ਕੀਤਾ ਜਾਂਦਾ ਹੈ, ਜਿਸ 'ਤੇ ਉਠਦੀ ਪੀੜ੍ਹੀ ਫ਼ਖ਼ਰ ਕਰਦੀ ਹੈ। ਇਸ ਥਾਂ 'ਤੇ ਸਹਿਜ ਅਵਸਥਾ ਤੱਕ ਪੁੱਜਣ ਦਾ ਹੀਲਾ ਹੈ। ਆਠਰਦੀਆਂ ਭਾਵਨਾਵਾਂ ਹਨ ਜਾਂ ਬਾਹਰ ਉਛਲ਼ਦੀਆਂ ਇੱਛਾਵਾਂ ਲਈ ਧਰਵਾਸ ਹੈ। ਸੰਗਤ ਵਿੱਚ ਸਾਡੀ ਨਜ਼ਰ ਅੱਖਾਂ ਮੀਚ ਕੇ ਅੰਦਰ ਝਾਕਣ ਦੀ ਹੈ। ਹੰਕਾਰ ਵਿਸਰਦਾ ਸਾਡੀ ਮੈਂ ਦੀ ਹਵਾ ਕਢਦਾ ਹੈ। ਉੱਥੇ ਬੈਠੇ ਸਾਰਾ ਜਹਾਂ ਹਮਾਰਾ ਨਜ਼ਰ ਆਉਂਦਾ ਹੈ। ਜਦੋਂ ਮੈਂ ਮਰਦੀ ਹੈ ਤਾਂ ਤਹੱਮਲ, ਠਰ੍ਹੰਮਾਂ, ਨਿਮਰਤਾ ਜਿਹੇ ਗੁਣਾਂ ਦਾ ਸੰਚਾਰ ਹੁੰਦਾ ਹੈ। ਇਸ ਦਾ ਕੋਈ ਸਮਾਂ ਵੱਖਰਾ ਨਹੀਂ, ਕੋਈ ਉਮਰ, ਜਾਤ, ਜਮਾਤ ਮਿਥੀ ਨਹੀਂ, ਇਉਂ ਸਾਡੀ ਸੋਚ ਮੋਕਲ਼ੀ ਹੋ ਜਾਂਦੀ ਹੈ। ਸੰਗਤ ਦਾ ਹਿੱਸਾ ਬਣਦੇ ਅਸੀਂ ਵਿਸ਼ਵਾਰਥੀ ਹੋ ਜਾਂਦੇ ਹਾਂ, ਜਿੱਥੇ ਛੋਟੇ ਵੱਡੇ ਦੀ ਤਮੀਜ਼ ਕਾਇਮ ਰੱਖ ਕੇ ਪਛਾਣ, ਪਿਆਰ ਅਤੇ ਸਤਿਕਾਰ ਨਾਲ਼ ਵੱਖਰਾ ਸੰਸਾਰ ਸਿਰਜਣ ਦੀ ਲਾਲਸਾ ਜਨਮਦੀ ਹੈ। ਅਸੀਂ ਸਭ ਇਸ ਟੀਚੇ ਵੱਲ ਵਧਦੇ ਹਾਂ ਕਿ ਢਿੱਡ ਭਰ ਕੇ ਤਾਂ ਫ਼ਕੀਰ ਵੀ ਸੌਂਦੇ ਹਨ ਪਰ ਇੱਛਾਵਾਂ ਮਹਾਰਾਜੇ ਦੀਆਂ ਵੀ ਅਧੂਰੀਆਂ ਹੀ ਰਹਿ ਜਾਂਦੀਆਂ ਹਨ। ਇਨ੍ਹਾਂ ਅਸਲੀ ਅਰਥਾਂ ਦਾ ਸੰਚਾਰ ਕਰਦੀ ਸਮੂਹ ਸੰਗਤ ਦੇ ਚਿਹਰੇ 'ਤੇ ਸੰਤੁਸ਼ਟ ਭਾਵਨਾ ਨਾਲ਼ ਜਿਉਣ ਜੋਗਾ ਸੰਦੇਸ਼ ਲੈ ਕੇ ਮੁੜਦੇ ਹਨ। ਸਾਡੀ ਨਾਂਹ-ਮੁਖੀ ਸੋਚ ਹਾਂ-ਮੁਖੀ ਹੋ ਜਾਂਦੀ ਹੈ। ਹੋਰਨਾਂ ਨਾਲ਼ ਮਿਲ ਕੇ ਸਾਡਾ ਆਪਾ ਮੋਕਲ਼ਾ ਹੋ ਕੇ ਉਸਰਦਾ ਹੈ।

**ਜਿਹੜੇ ਅਣਭੋਲ਼ ਜਹੇ ਸੀ**
**ਰੱਬ ਵੀ ਜਾਣੀ ਕੋਲ਼ ਜਹੇ ਸੀ**
**ਗੱਲਾਂ ਐਨੀਆਂ ਮੁਕਦੀਆਂ ਨਹੀਂ ਸਨ**
**ਚੁੱਪ ਅੰਦਰ ਵੀ ਬੋਲ ਜਹੇ ਸੀ।**

**ਹਰਜਿੰਦਰ ਕੰਗ**



ਗੱਲ ਤਾਂ ਪਰਦੇ ਦੀ ਹੀ ਹੈ!
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ!
ਕਾਲ: 403 953 1000
E Mail: Contact@twcoverings.com
Web: www.twcoverings.com
Timelesswindowcoverings

ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
TWC TIMELESS WINDOW COVERINGS

# ਪੰਜਾਬੀ ਸਾਹਿਤ ਸਭਾ ਦੀ ਮਿਲਣੀ ਮੌਕੇ ਯੁੱਗ ਕਵੀ ਡਾ: ਸੁਰਜੀਤ ਪਾਤਰ ਅਤੇ ਪ੍ਰੋ: ਮਲਵਿੰਦਰਜੀਤ ਸਿੰਘ ਵੜੈਚ ਨੂੰ ਚੇਤੇ ਕੀਤਾ ਗਿਆ





ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਪੰਜਾਬੀ ਸਾਹਿਤ ਸਭਾ ਕੈਲਗਰੀ (ਰਜਿ:) ਦੀ ਮਈ ਮਹੀਨੇ ਦੀ ਇਕੱਤਰਤਾ 24 ਮਈ ਨੂੰ ਕੋਸੋ ਹਾਲ ਵਿੱਚ ਸੁਰਿੰਦਰ ਗੀਤ ਦੀ ਪ੍ਰਧਾਨਗੀ ਵਿੱਚ ਹੋਈ । ਸਾਹਿਤਕਾਰ ਪ੍ਰੋ: ਮਲਵਿੰਦਰਜੀਤ ਸਿੰਘ ਵੜੈਚ ਦੇ ਅਕਾਲ ਚਲਾਣੇ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ । ਜਗਦੇਵ ਸਿੰਘ ਸਿੱਧੂ ਨੇ ਆਪਣੀ ਨਿੱਜੀ ਜਾਣਕਾਰੀ ਅਤੇ ਡਾ: ਸੁਰਿੰਦਰ ਧੰਜਲ ਦੇ ਹਵਾਲੇ ਨਾਲ ਕਿਹਾ ਕਿ ਪ੍ਰੋ: ਮਲਵਿੰਦਰਜੀਤ ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਦੀਆਂ ਕੁਲ 62 ਪੁਸਤਕਾਂ ਦੇ ਲੇਖਕ, ਸਹਿ-ਲੇਖਕ ਜਾਂ ਸੰਪਾਦਕ ਰਹੇ । ਇਹਨਾਂ ਚੋਂ 35 ਕਿਤਾਬਾਂ ਦੇਸ ਭਗਤਾਂ ਬਾਰੇ ਹਨ । ਇਸ ਤੋਂ ਇਲਾਵਾ ਉਹਨਾਂ ਨੇ 5 ਈ-ਪੁਸਤਕਾਂ ਦਾ ਨਿਰਮਾਣ ਕੀਤਾ । ਉਹਨਾਂ ਨੇ ਆਪਣੇ ਜੀਵਨ ਦੌਰਾਨ 5 ਐੱਮ ਏ ਅਤੇ ਐੱਲ ਐੱਲ ਬੀ ਡਿੱਗਰੀ ਪ੍ਰਾਪਤ ਕੀਤੀ । ਲੰਮਾ ਸਮਾਂ ਗੁਰੂ ਨਾਨਕ ਇੰਜੀਨੀਅਰ ਕਾਲਜ ਲੁਧਿਆਣਾ ਵਿੱਚ ਪੜਾਉਣ ਤੋਂ ਬਾਦ 1989 ਵਿੱਚ ਰਿਟਾਇਰ ਹੋ ਗਏ । ਪ੍ਰੋ: ਮਲਵਿੰਦਰਜੀਤ ਵੜੈਚ ਦੇ ਕਈ ਵਿਦਿਆਰਥੀਆਂ ਨੇ ਸਾਹਿਤਕ ਖੇਤਰ ਵਿੱਚ ਮੱਲਾਂ ਮਾਰੀਆਂ ਤੇ ਨਾਮਣਾ ਖੱਟਿਆ ਜਿਹਨਾਂ ਵਿੱਚ ਉਜਾਗਰ ਸਿੰਘ ਕੰਵਲ, ਸੁਰਿੰਦਰ ਧੰਜਲ, ਅਜਮੇਰ ਰੋਡੇ ਅਤੇ ਜਸਵੰਤ ਜ਼ਫ਼ਰ ਦੇ ਨਾਮ ਵਰਨਣ ਯੋਗ ਹਨ । ਸਭਾ ਦੀ ਸਮੁੱਚੀ ਕਾਰਵਾਈ ਯੁੱਗ ਕਵੀ ਡਾ: ਸੁਰਜੀਤ ਪਾਤਰ ਦੇ ਜੀਵਨ ਅਤੇ ਉਹਨਾਂ ਦੀ ਕਵਿਤਾ ਤੇ ਕੇਂਦਰਿਤ ਰਹੀ।ਗਿੱਲ ਸੁਖਮੰਦਰ ਨੇ ਆਪਣੀ ਖ਼ੂਬਸੂਰਤ ਸੁਰੀਲੀ ਮਨਮੋਹਕ ਆਵਾਜ਼ 'ਚ ਸੁਰਜੀਤ ਪਾਤਰ ਦੀ ਰਚਨਾ 'ਡੋਲੀ' ਗਾ ਕੇ ਰੰਗ ਬੰਨ੍ਹਿਆ । ਗੁਰਦੀਪ ਸਿੰਘ ਧਾਲੀਵਾਲ ਨੇ ਡਾ। ਸੁਰਜੀਤ ਪਾਤਰ ਨੂੰ ਯਾਦ ਕਰਦਿਆਂ ਉਹਨਾਂ ਦੇ ਜੀਵਨ ਬਾਰੇ ਸੰਖੇਪ ਜਾਣਕਾਰੀ ਦਿੱਤੀ । ਮਾਂ ਧੀ ਦਾ ਰਿਸ਼ਤੇ ਦਾ ਪ੍ਰਗਟਾਵਾ ਮਨਿੰਦਰ ਬਜਵਾੜਾ ਨੇ ਆਪਣੀ ਕਵਿਤਾ ਵਿਚ ਕੀਤਾ। ਮਨਜੀਤ ਸਿੰਘ ਬਰਾੜ ਨੇ ਪੰਜਾਬੀ ਦੇ ਇਕ ਪੁਰਾਣੇ ਗੀਤ ਨਾਲ ਖ਼ੂਬ ਰੰਗ ਬੰਨ੍ਹਿਆ । ਪੰਜਾਬ ਦੀ ਫੇਰੀ ਤੋਂ ਪਰਤੇ ਗੁਰ ਰਾਜ ਸਿੰਘ ਵਿਰਕ ਨੇ ਆਪਣੀ ਕਵਿਤਾ 'ਮੈਂ ਪੰਜਾਬੋਂ ਮੁੜ ਆਇਆ ਹਾਂ ' ਸੁਣਾਈ । ਲਖਵਿੰਦਰ ਸਿੰਘ ਸਿੱਧੂ ਦੀ ਰਚਨਾ 'ਕਮਲੀ ' ਬਹੁਤ ਵਧੀਆ ਰਹੀ। ਗੁਰਪ੍ਰੀਤ ਲਾਡਲ ਨੇ ਕਵਿਤਾ ਮਾਂ ਦਿਵਸ ਨੂੰ ਬੜੇ ਦੀ ਵੱਖਰੇ ਢੰਗ ਨਾਲ ਲਿਆ । ਇੰਜ: ਦਰਸ਼ਨ ਮਹਿਰੋਕ ਨੇ ਇਸ਼ਕ ਹਕੀਕੀ ਬਾਰੇ ਆਪਣੀ ਰਚਨਾ ਸੁਣਾਈ । ਜਗਦੇਵ ਸਿੰਘ ਸਿੱਧੂ ਹੋਰਾਂ ਨੇ ਮਨਿੰਦਰ ਅਤੇ ਗੁਰਪ੍ਰੀਤ ਦੋਨਾਂ ਦੀਆਂ ਕਵਿਤਾਵਾਂ ਰੱਜ ਕੇ ਪ੍ਰਸੰਸਾ ਕੀਤੀ । ਸੁਰਿੰਦਰ ਗੀਤ ਦੀ ਕਵਿਤਾ ' ਉਹ ਆਖਦਾ ਹੈ ' ਦੇ ਸੰਦਰਭ ਵਿਚ ਆਪਣੀ ਲਿਖੀ ਕਵਿਤਾ ਪੇਸ਼ ਕੀਤੀ । ਜਗਦੇਵ ਸਿੱਧੂ ਦੀ ਕਵਿਤਾ "ਤੂੰ ਜੋ ਚਾਨਣ ਬੀਜ ਲਿਆ ਸੀ, -ਸ ਰੁੱਖ ਨੂੰ ਸੂਰਜ ਲੱਗੇ" ਨੇ ਤਾੜੀਆਂ ਦੀ ਦਾਦ ਖੱਟੀ।ਚਰਨਜੀਤ ਸਿੰਘ ਬਾਸੀ, ਇੰਜ: ਜੀਰ ਸਿੰਘ ਬਰਾੜ ਨੇ ਆਪਣੇ ਵਿਚਾਰ ਪੇਸ਼ ਕੀਤੇ । ਸਤਨਾਮ ਸਿੰਘ ਸ਼ੇਰਗਿੱਲ , ਰੁਪਿੰਦਰ ਗੜਾਂਗ ਅਤੇ ਚਰਨਜੀਤ ਸਿੰਘ ਬਾਸੀ ਨੇ ਆਪਣੀ ਹਾਜ਼ਰੀ ਨਾਲ ਸਮੇਂ ਦੀ ਰੌਣਕ ਵਧਾਈ । ਸਟੇਜ ਦੀ ਕਾਰਵਾਈ ਸਭਾ ਦੇ ਸੀਨੀਅਰ ਵਾਈਸ ਪ੍ਰਧਾਨ ਜਰਨੈਲ ਸਿੰਘ ਤੱਗੜ ਨੇ ਨਿਭਾਈ ।

Calgary

## ਘਾਹ, ਬਗੀਚੇ ਅਤੇ ਬੂਟਿਆਂ ਨੂੰ ਪਾਣੀ ਲਾਉਣ ਦੀ ਸਮਾਂ-ਸਾਰਣੀ



### ਆਪਣੇ ਪਾਣੀ ਦੇ ਸਰੋਤਾਂ ਦੀ ਸੰਭਾਲ ਲਈ ਵਾਰੀ-ਵਾਰੀ ਯੋਗਦਾਨ ਪਾਈਏ।

**ਆਪਣੇ ਘਾਹ (Lawn) ਲਾਅਨ ਜਾਂ ਬੂਟਿਆਂ (Landscape) ਨੂੰ ਪਾਣੀ ਦੇਣਾ (ਸਪ੍ਰਿੰਕਲਰ ਜਾਂ ਸਿੰਚਾਈ ਪ੍ਰਣਾਲੀ ਰਾਹੀ)**

ਆਪਣੇ ਘਰ ਦੇ ਪਤੇ ਅਨੁਸਾਰ ਘਾਹ ਅਤੇ ਬੂਟਿਆਂ ਨੂੰ ਹਫ਼ਤੇ ਵਿੱਚ ਸਿਰਫ 3 ਦਿਨ ਹੀ ਪਾਣੀ ਦੇਵੋ।

**ਜੇਕਰ ਤੁਹਾਡੇ ਘਰ ਦਾ ਰਿਹਾਇਸ਼ੀ ਪਤਾ 0, 2, 4, 6, 8 ਨਾਲ ਖਤਮ ਹੁੰਦਾ ਹੈ**
ਦਿਨ : ਮੰਗਲਵਾਰ, ਵੀਰਵਾਰ, ਸ਼ਨੀਵਾਰ
ਸਮਾਂ ਸਵੇਰੇ 12 ਵਜੇ ਤੋਂ 10 ਵਜੇ ਤੱਕ ਅਤੇ ਸ਼ਾਮ 7:00 ਤੋਂ ਰਾਤ 11:59 ਵਜੇ ਤੱਕ

**ਜੇਕਰ ਤੁਹਾਡੇ ਘਰ ਦਾ ਰਿਹਾਇਸ਼ੀ ਪਤਾ 1,3,5,7,9 ਨਾਲ ਖਤਮ ਹੁੰਦਾ ਹੈ**
ਦਿਨ: ਬੁੱਧਵਾਰ, ਸ਼ੁੱਕਰਵਾਰ, ਐਤਵਾਰ
ਸਮਾਂ ਸਵੇਰੇ 12 ਵਜੇ ਤੋਂ 10 ਵਜੇ ਤੱਕ ਅਤੇ ਸ਼ਾਮ 7:00 ਤੋਂ ਰਾਤ 11:59 ਵਜੇ ਤੱਕ

ਵਧੇਰੇ ਜਾਣਕਾਰੀ calgary.ca/whentowater

**ਕਿਸੇ ਵੀ ਦਿਨ, ਕਿਸੇ ਵੀ ਸਮੇਂ ਇਜਾਜ਼ਤ ਹੈ:**

ਹੱਥ ਨਾਲ ਪਾਣੀ ਦੇਣ ਵਾਲੇ ਲੈਂਡਸਕੇਪ (ਘਾਹ ਨੂੰ ਛੱਡ ਕੇ) ਇੱਕ ਹੋਜ ਜਾਂ ਪਾਣੀ ਦੇਣ ਵਾਲੇ ਡੱਬੇ (ਕੈਨ) ਨਾਲ।

ਨਵੇਂ ਲਗਾਏ ਗਏ ਘਾਹ, ਰੁੱਖਾਂ ਜਾਂ ਬੂਟਿਆਂ ਨੂੰ ਪਾਣੀ ਦੇਣਾ।

ਫਲਾਂ ਅਤੇ ਸਬਜ਼ੀਆਂ ਨੂੰ ਪਾਣੀ ਦੇਣਾ।

ਪਾਣੀ ਵਾਲੇ ਵੱਡੇ ਟੱਬ, ਹੌਟ ਟੱਬ (hot tub) ਅਤੇ ਫੁਹਾਰਿਆਂ ਨੂੰ ਭਰਨਾ ਅਤੇ ਸਪ੍ਰਿੰਕਲਰ ਚਲਾਉਣਾ (ਸਿਰਫ ਜਦੋਂ ਤੁਹਾਡੇ ਬੱਚੇ ਸਪ੍ਰਿੰਕਲਰ ਵਾਲੇ ਪਾਣੀ ਨਾਲ ਖੇਡ ਰਹੇ ਹੋਣ)

ਖਿੜਕੀਆਂ, ਦਰਵਾਜੇ ਧੋਣੇ, ਡੈੱਕ (deck) ਧੋਣ, ਘਰਾਂ ਦੀ ਫੈਂਸ ਅਤੇ ਸਾਇਡੰਗ ਨੂੰ ਧੋਣਾ।

26-0055210 CRV-46505

ਡਾਇਰੀ ਦਾ ਪੰਨਾ

ਨਿੰਦਰ ਘੁਗਿਆਣਵੀ
9417421700

# ਛਾ ਗਿਆ ਟਾਈਗਰ !

**ਤਲਵੰਡੀ ਸਾਬੋ ਲਾਗੇ ਛੋਟੇ ਜਿਹੇ ਤੰਗਰਾਲੀ ਪਿੰਡ ਦੇ ਆਮ ਸਾਧਾਰਨ ਪਰਿਵਾਰ ਵਿੱਚ ਜੁਗਰਾਜ ਸਿੰਘ ਤੇ ਹਰਬੰਸ ਕੌਰ ਦੇ ਘਰ ਜਨਮਿਆਂ ਟਾਈਗਰ। ਪਿੰਡ ਦੇ ਪ੍ਰਾਇਮਰੀ ਸਕੂਲੋਂ ਪੜ ਕੇ ਫਿਰ ਤਲਵੰਡੀ ਸਾਬੋ ਆ ਗਿਆ ਤੇ ਗੁਰੂ ਕਾਸ਼ੀ ਕਾਲਜ ਤੀਕ ਅੱਪੜ ਗਿਆ। ਸੰਗੀਤ ਉਹਦੇ ਅੰਦਰ ਬਚਪਨ ਤੋਂ ਅੰਗੜਾਈ ਭੰਨ ਰਿਹਾ ਸੀ। ਸਕੂਲ ਕਾਲਜ ਗਾਉਂਦਾ ਤੇ ਫਿਰ ਉਸਤਾਦ ਪਰਮਜੀਤ ਸਿੰਘ ਪਾਸੋਂ ਸਿੱਖਣ ਲੱਗਿਆ। ਖੁਦ ਵੀ ਰਿਆਜ ਕਰਨ ਦਾ ਨੇਮ ਨਾ ਭੁੱਲਿਆ।**



ਇਹ ਸ਼ਾਇਦ ਸਦੀਆਂ ਪੁਰਾਣੀ ਵਾਰਤਾ ਹੋਵੇਗੀ। ਸਾਦੇ ਸਮੇਂ ਦੇ ਸਾਦੇ ਲੋਕ ਹੋਣਗੇ। ਸਤਿਯੁਗ ਬੀਤ ਰਿਹਾ ਹੋਵੇਗਾ। ਸ਼ੀਤਲ ਜਲ ਵਰਗੇ ਸੁਭਾਓ ਹੋਣੇ ਨੇ ਲੋਕਾਂ ਦੇ। ਭਗਤੀ ਭਾਵਨਾ ਲੋਕਾਂ ਦੇ ਮਨਾਂ ਅੰਦਰ ਠਾਠਾਂ ਮਾਰ ਰਹੀ ਹੋਵੇਗੀ, ਮੈਂ ਅਜਿਹਾ ਹੀ ਚਿਤਵਿਆ।

ਕੋਈ ਸੱਚਾ ਸ਼ਰਧਾਵਾਨ ਹੋਣਾ ਤੰਗਰਾਲੀ ਪਿੰਡ ਤੋਂ, ਉਹ ਪਹੁੰਚੇ ਹੋਏ ਇੱਕ ਸਾਧੂ ਦੀ ਕੁਟੀਆ ਵੱਲ ਆਇਆ। ਸਾਧੂ ਦੇ ਵਚਨ ਸੁਣੇ, ਨਿਹਾਲੋ ਨਿਹਾਲ ਹੋ ਗਿਆ। ਮਨ ਮੰਤਰ ਮੁਗਧ ਕਰ ਲਿਆ। ਬੜੇ ਸੁਰੀਲੇ ਲੱਗੇ ਬੋਲ ਸਾਧੂ ਦੇ। ਮਨ ਦਿਲੋਂ ਮੋਹਿਆ ਗਿਆ । ਸਾਧੂ ਦੇ ਸਾਹਮਣੇ ਖਲੋ ਕੇ ਦੋਵੇਂ ਹੱਥ ਜੋੜੇ ਤੇ ਬੋਲਿਆ, "ਬਾਬਾ ਜੀ, ਆਪਣੇ ਵਚਨਾਂ ਵਰਗਾ ਮਿੱਠਾ ਮਿੱਠਾ ਪ੍ਰਸ਼ਾਦਿ ਤਾਂ ਦੇ ਦਿਓ ਜੀ ? "

ਰਤਾ ਕੁ ਮੁਸਕਰਾਇਆ ਸਾਧੂ, ਤੇ ਉਹਨੇ ਮਿਸ਼ਰੀ ਨਾਲ ਉਹਦੀ ਮੁੱਠੀ ਭਰ ਦਿੱਤੀ। ਉਚਾਰਿਆ ਕਿ

ਆਹ ਲੈ ਭਗਤਾ, ਘਰੇ ਸਾਂਭ ਕੇ ਰੱਖੀਂ ਏਹ ਪ੍ਰਸ਼ਾਦ, ਕੰਮ ਆਏਗਾ ਤੇਰੇ। ਸ਼ਰਧਾਵਾਨ ਆਪਣੇ ਪਿੰਡ ਤੰਗਰਾਲੀ ਆਉਂਦਿਆਂ ਸੋਚਦਾ ਆਇਆ ਕਿ ਸਾਂਭ ਕੇ ਰੱਖੀਂ ਦਾ ਕੀ ਭਾਵ ਹੋਇਆ ਭਲਾ ? ਘਰ ਪੁੱਜਾ। ਘਰ ਵਿੱਚ ਮਿੱਟੀ ਦਾ ਇਕੋ ਇੱਕ ਪਵਿੱਤਰ ਭਾਂਡਾ ਲੱਭਾ, ਉਹ ਛੋਟੀ ਜਿਹੀ ਕੁੱਜੀ ਸੀ। ਉਸ ਨੇ ਮੁੱਠੀ ਕੁੱਜੀ ਵਿੱਚ ਮੂਧੀ ਕੀਤੀ ਤੇ ਕੁੱਜੀ ਨਿੱਕੇ ਜਿਹੇ ਢਕਣੇ ਨਾਲ ਢੱਕ ਦਿੱਤੀ। ਸਾਧੂ ਦੇ ਆਦੇਸ਼ਾਂ ਅਨੁਸਾਰ ਪ੍ਰਸ਼ਾਦਿ ਸੰਭਾਲਿਆ ਗਿਆ। ਮਹੀਨੇ ਬੀਤੇ। ਸਾਲ ਬੀਤੇ। ਬਹੁਤ ਸਾਲ ਬੀਤੇ। ਸਮਾਂ ਆਇਆ, ਤੇ ਆਖਿਰ ਉਸ ਕੁੱਜੀ ਵਿੱਚ ਪਈ 'ਪੁਰਾਣੀ ਮਿਸ਼ਰੀ' ਇੱਕ ਦਿਨ ਟਾਈਗਰ (ਹਰਜੀਤ ਸਿੰਘ) ਦੀ ਆਵਾਜ ਬਣ ਗਈ, ਮਿਠਾਸ ਭਰੀ, ਮਖਮਲੀ ਤੇ ਦਿਲਕਸ਼ ਆਵਾਜ਼।

ਅੱਜਕਲ੍ਹ ਟਾਈਗਰ ਨੂੰ ਖੂਬ ਸੁਣਿਆ ਜਾ ਰਿਹਾ ਹੈ। ਉਸਦੀ ਆਵਾਜ਼ ਮਨਾਂ ਨੂੰ ਖਿੱਚਾਂ ਪਾਈ ਜਾਂਦੀ ਹੈ। ਅਣਗਿਣਤ ਲੋਕ ਉਹਨੂੰ ਮੋਹ ਦੇ ਰਹੇ ਨੇ। ਉਹਦੀ ਆਵਾਜ਼ ਵਿੱਚ ਸਕੂਨ ਹੀ ਨਹੀਂ, ਨਿੱਘਾ-ਨਿੱਘਾ ਸੇਕ ਵੀ ਹੈ। ਜੇ ਉਹ ਖੁਦ ਆਪਣੀ ਆਵਾਜ਼ ਨੂੰ ਇੱਕ-ਮਨ ਹੋ ਕੇ ਸੁਣੇਗਾ, ਤਾਂ ਉਸਨੂੰ ਜਾਪੇਗਾ ਕਿ ਉਹਦੀ ਆਵਾਜ਼ 'ਧੁਰ-ਕੀ ਆਵਾਜ਼' ਹੈ, ਡੂੰਘਿਓ ਬੜੇ ਸਹਿਜੇ ਸਹਿਜੇ ਉਠਦੀ ਹੋਈ ਆਵਾਜ਼ ਪਰ ਫ਼ਨਕਾਰ ਐਸਾ ਕੁੱਝ ਖੁਦ ਨਹੀਂ ਜਾਣਦੇ ਹੁੰਦੇ ਆਪਣੇ ਬਾਬਤ,ਇਹ ਕਲਾਤਮਿਕ ਭੇਦ ਹੀ ਹੁੰਦਾ ਹੈ। ਉਹ ਤਾਂ ਸਿਰਫ ਗਾਉਂਦੇ ਨੇ। ਲੋਕਾਂ ਨੂੰ ਭਾਉਂਦੇ ਨੇ। ਡੂੰਘ ਵਿੱਚ ਲੱਥ ਜਾਣ ਦਾ ਵੇਲਾ ਗੁਆ ਬਹਿੰਦੇ ਨੇ ਪਰ ਟਾਈਗਰ ਛੋਟੀ ਆਯੂ ਦਾ 'ਸਿਆਣਾ' ਗਾਇਕ ਬਣ ਚੁੱਕਾ ਹੈ। ਸਿਆਣਪ ਦਾ ਉਮਰ ਨਾਲ ਕੋਈ ਸਬੰਧ ਨਹੀਂ ਹੁੰਦਾ। ਸਿਆਣਪ ਤਾਂ ਰੱਬੀ ਦੇਣ ਹੁੰਦੀ ਹੈ, ਬਿਲਕੁਲ ਉਵੇਂ, ਜਿਵੇਂ ਕਲਾ ਦੀ ਦੇਣ ਰੱਬੀ ਹੈ।

ਇੱਕ ਦਿਨ ਅਚਾਨਕ ਟਾਈਗਰ ਦੀ ਆਵਾਜ਼ ਮੈਨੂੰ ਰਾਹੇ ਡੱਕ ਲੈਂਦੀ ਹੈ। ਉਹ ਪ੍ਰਦੇਸੀਆਂ ਦਾ ਦੁਖਾਂਤ ਗਾ ਰਿਹਾ ਸਭ ਨੂੰ 'ਆਪਣਾ ਆਪਣਾ' ਲੱਗਣ ਲੱਗਿਆ, ਤੇ ਮੈਨੂੰ ਵੀ ਆਪਣਾ ਹੀ ਜਾਪਿਆ, ਜਿਵੇਂ ਕੋਈ ਘਰ ਦਾ ਜੀਅ ਗਾ ਰਿਹਾ ਹੋਵੇ। ਗੀਤ ਦੇ ਬੋਲ ਜੰਗ ਢਿਲੋਂ ਨੇ ਕਿਆ ਖੂਬਸੂਰਤ ਲਿਖੇ:

**ਟੋਰਾਂਟੋ ਦੀਆਂ ਸੜਕਾਂ 'ਤੇ ਰੋਇਆ ਗੱਭਰੂ**
**ਸਿਰਾਂ ਉਤੇ ਉਡਦੇ ਜਹਾਜ਼ ਵੇਖਕੇ**

ਇਹ ਬੋਲ ਸੁਣਦਿਆਂ ਮੈਂ ਉਦਾਸ ਹੋ ਗਿਆ। ਅੱਖਾਂ ਭਰ ਆਈਆਂ। ਮਨ ਡੁਬ-ਡੁਬਾ ਆਇਆ। ਟੋਰਾਂਟੋ ਦਾ ਏਅਰਪੋਰਟ ਏਰੀਆ ਤੇ ਡੈਰੀ ਰੋਡ ਚੇਤੇ ਆ ਗਏ ਤੇ ਦੁਨੀਆਂ ਤੋਂ ਵਿਛੜੇ ਸੱਜਣ ਵੀ ਹਟਕੋਰੇ ਭਰਦੇ ਜਾਪਣ ਲੱਗੇ। ਇਓਂ ਟਾਈਗਰ ਨੂੰ ਭਾਲਣ ਲੱਗਾ ਮੈਂ!

ਤਲਵੰਡੀ ਸਾਬੋ ਲਾਗੇ ਛੋਟੇ ਜਿਹੇ ਤੰਗਰਾਲੀ ਪਿੰਡ ਦੇ ਆਮ ਸਾਧਾਰਨ ਪਰਿਵਾਰ ਵਿੱਚ ਜੁਗਰਾਜ ਸਿੰਘ ਤੇ ਹਰਬੰਸ ਕੌਰ ਦੇ ਘਰ ਜਨਮਿਆਂ ਟਾਈਗਰ। ਪਿੰਡ ਦੇ ਪ੍ਰਾਇਮਰੀ ਸਕੂਲੋਂ ਪੜ ਕੇ ਫਿਰ ਤਲਵੰਡੀ ਸਾਬੋ ਆ ਗਿਆ ਤੇ ਗੁਰੂ ਕਾਸ਼ੀ ਕਾਲਜ ਤੀਕ ਅੱਪੜ ਗਿਆ। ਸੰਗੀਤ ਉਹਦੇ ਅੰਦਰ ਬਚਪਨ ਤੋਂ ਅੰਗੜਾਈ ਭੰਨ ਰਿਹਾ ਸੀ। ਸਕੂਲ ਕਾਲਜ ਗਾਉਂਦਾ ਤੇ ਫਿਰ ਉਸਤਾਦ ਪਰਮਜੀਤ ਸਿੰਘ ਪਾਸੋਂ ਸਿੱਖਣ ਲੱਗਿਆ। ਖੁਦ ਵੀ ਰਿਆਜ ਕਰਨ ਦਾ ਨੇਮ ਨਾ ਭੁੱਲਿਆ।

ਇਵੇਂ ਹੀ ਉਹ ਵਾਰਿਸ ਭਰਾਵਾਂ ਦੀ ਨਿਗਾ ਪੈ ਗਿਆ ਤੇ ਕਮਲ ਹੀਰ ਉਸ ਨੂੰ ਦਿਲੋਂ ਉਤਸ਼ਾਹਿਤ ਕਰਦਾ ਉਸਦਾ ਹੌਂਸਲਾ ਵਧਾਈ ਗਿਆ।ਇਲਾਕੇ ਦੇ ਪ੍ਰਸਿੱਧ ਗਾਇੱਕ ਹਰਦੇਵ ਮਾਹੀਨੰਗਲ ਨੇ ਆਖਿਆ ਕਿ ਟਾਈਗਰ ਦੀ ਆਵਾਜ਼ ਹਜ਼ਾਰਾਂ ਆਵਾਜ਼ਾਂ ਵਿੱਚੋ ਵਿਲੱਖਣ ਆਵਾਜ਼ ਹੈ। ਗੀਤਕਾਰ ਸ਼ੇਖਰ ਤਲਵੰਡੀ ਆਖਣ ਲੱਗਾ ਕਿ ਲਗਦਾ ਹੈ ਕਿ ਜਿਵੇਂ ਟਾਈਗਰ ਨੂੰ ਸੰਗੀਤ ਦੀ ਦੇਵੀ ਨੇ ਕਲੇਜੇ ਨਾਲ ਲਾ ਕੇ ਆਸ਼ੀਰਵਾਦ ਦਿੱਤਾ ਹੈ। ਜੰਗ ਢਿੱਲੋਂ ਦੇ ਲਿਖੇ ਗੀਤਾਂ ਨੇ ਤਾਂ ਅੱਤ ਹੀ ਕਰਵਾ ਦਿੱਤੀ ਸਮਝੋ, ਉਸਦੇ ਲਿਖੇ ਗੀਤ ਕੇਵਲ ਗੀਤ ਹੀ ਨਹੀਂ, ਸੱਚੀ ਸੁੱਚੀ ਸ਼ਾਇਰੀ ਦੀ ਨਿਵੇਕਲੀ ਵੰਨਗੀ ਹਨ। ਸਿੰਘ ਜੀਤ ਚਣਕੋਈਆਂ ਤੇ ਬੱਬੂ ਬਰਾੜ ਦੇ ਲਿਖੇ ਗੀਤਾਂ ਦੇ ਨਾਲ ਨਾਲ ਉਹ ਨਵੇਂ ਗੀਤਕਾਰ ਵੀ ਤਲਾਸ਼ੀ ਜਾ ਰਿਹਾ ਹੈ। 'ਟੋਰਾਂਟੋ' ਗੀਤ ਤੋਂ ਉਹ ਮਸ਼ਹੂਰ ਹੋਇਆ ਤੇ ਫਿਰ 'ਬੀਰਬਲ', 'ਸ਼ੌਂਕ', 'ਸਾਹ', 'ਪ੍ਰਛਾਵਾਂ' , 'ਜ਼ਿੰਦਗੀ' , 'ਜੀ ਵੇ ਸੋਹਣਿਆ' ਗੀਤਾਂ ਨਾਲ ਛਾ ਹੀ ਗਿਆ। ਉਸਦੇ ਜੈਸਮੀਨ ਅਖਤਰ ਨਾਲ ਗਾਏ ਦੋਗਾਣੇ ਖੂਬਸੂਰਤ ਦੋਗਾਣਾ ਗਾਇਕੀ ਦਾ ਗੁਲਦਸਤਾ ਹਨ। 'ਸਾਹ' ਗੀਤ ਦਾ ਗਾਇਨ ਤਾਂ ਸੱਚਮੁੱਚ ਸਾਹ ਰੋਕ ਕੇ ਸੁਣਨ ਵਾਲਾ ਹੈ। ਡਾਕੂਸ ਰਿਕਾਰਡ ਵੱਲੋਂ ਹੁਣੇ ਆਈ ਉਸਦੀ ਐਲਬਮ 'ਸ਼ਹਿਜ਼ਾਦਾ' ਚਰਚਾ ਵਿੱਚ ਹੈ, ਇੱਕ ਗੀਤ ਵਿੱਚ ਉਹ ਗਦਰੀਆਂ ਦੇ ਨਾਲ ਨਾਲ ਗੋਰਖ ਤੇ ਪੂਰਨ ਨੂੰ ਵੀ ਚੇਤੇ ਕਰਦਾ ਹੈ। ਉਹਦੀ ਆਵਾਜ਼ ਸਰੋਤੇ ਨੂੰ ਆਪਣੇ ਨਾਲ ਨਾਲ ਤੋਰੀ ਤੁਰੀ ਆਉਂਦੀ ਹੈ, ਜੰਗਲ ਜੰਗਲ--- ਪਰਬਤ ਪਰਬਤ--- ਗਲੀਓ ਗਲੀ-- ਮੁਹੱਲਿਓ ਮਹੱਲੀ!

ਟਾਈਗਰ ਦੇ ਸੰਗੀਤਕਾਰ ਬੜੇ ਸਿਆਣੇ ਨੇ, ਇਨਾਂ ਵਿੱਚ ਜੀ ਗੁਰੀ, ਬੀਟ, ਕੁਲਸ਼ਾਨ ਸੰਧੂ, ਆਈਰਸ, ਡੈਮਨ, ਗੈਫੀ, ਟਰੈਂਡੀ ਦੇ ਨਾਂ ਲਏ ਜਾ ਸਕਦੇ ਹਨ। ਵੀਡੀਓ ਕੀਤੇ ਹਨ ਹਿਤੇਸ਼ ਅਰੋੜਾ,ਭਿੰਡਰ ਬੁਰਜ ਤੇ ਗੈਵੀ ਖਹਿਰਾ ਨੇ। ਟਾਈਗਰ ਦਾ ਗੀਤ ਸੁਣਨ ਬਾਅਦ

ਟੋਰਾਂਟੋ ਦੀਆਂ ਸੜਕਾਂ ਉਤੇ ਪਿਛਾਂਹ ਪਰਤਣ ਨੂੰ ਦਿਲ ਕਰ ਰਿਹਾ ਹੈ। ਵਿੰਨੀ ਬੈਂਸ ਨਾਮੀ ਦੋਸਤ ਨੂੰ ਮੈਂ ਆਖਿਆ ਕਿ ਅੱਜ ਮੈਨੂੰ ਇਕੱਲਿਆਂ ਛਡ ਦੇ ਯਾਰ, ਮੈਂ ਸਿਰਾਂ ਉਤੋਂ ਉਡਦੇ ਜਹਾਜ਼ਾਂ ਨਾਲ ਗੱਲਾਂ ਕਰਨੀਆਂ ਨੇ। ਉਹ ਹੈਰਾਨ ਹੋਇਆ ਤੇ ਵਤਨੋਂ ਦੂਰ ਹੋਣ ਦਾ ਮੇਰਾ ਉਦਰੇਵਾਂ ਜਾਣ ਗਿਆ ਸੀ। ਇੱਕ-ਇੱਕ ਬੀਅਰ ਪੀਤੀ। ਸਿਖਰ ਦੁਪਹਿਰ ਟੋਰਾਂਟੋ ਦੀ। ਇੱਕ ਖੇਤ ਦੇ ਕਿਨਾਰੇ ਮੈਨੂੰ ਉਤਾਰਿਆ ਤੇ 'ਬਾਏ ਬਾਏ' ਆਖਦਾ 'ਅਹੁ' ਗਿਆ। ਮੈਨੂੰ ਕੀ ਪਤਾ ਸੀ ਕਿ ਇਹ ਉਸਦੀ ਆਖਰੀ 'ਬਾਏ ਬਾਏ' ਹੈ --- ਬਸ।

ਜਹਾਜ਼ ਚੜ ਰਹੇ ਨੇ। ਲੱਥ ਰਹੇ ਨੇ। ਮੈਨੂੰ ਹਰ ਜਹਾਜ਼ ਇੰਡੀਆ ਜਾਣ ਵਾਲਾ ਹੀ ਜਾਪਦਾ ਹੈ, ਜਰਾ ਕੁ ਨੀਵਾਂ ਹੋਵੇ, ਤੇ ਮੈਂ ਨਾਲ ਹੀ ਝੂਟ ਜਾਵਾਂ। ਉਂਡਾਂ ਤੇ ਭੱਜਾਂ, ਪਿੰਡ ਜਾ ਕੇ ਮਾਂ ਦੀ ਬੁੱਕਲ ਵਿੱਚ ਵੜ ਜਾਵਾਂ। ਮੈਂ ਕੀ ਜਾਣਾ ਕਿ ਕਦੇ ਜੰਗ ਢਿਲੋਂ ਇਹ ਵਾਰਤਾ ਇੱਕ ਗੀਤ ਵਿੱਚ ਪਰੋ ਛਡੇਗਾ ਤੇ 'ਕਾਕਾ ਟਾਈਗਰ' ਰੂਹ ਨਾਲ ਗਾ ਛੱਡੇਗਾ। ਟਾਈਗਰ ਪਿਆਰੇ, ਤੇਰੇ ਟੋਰਾਂਟੋ ਵਾਲੇ ਗੀਤ ਦੇ ਬੋਲਾਂ ਨੇ ਵਿੱਛੜਿਆ ਵਿੰਨੀ ਵੀਰ ਅੱਖਾਂ ਮੂਹਰੇ ਲਿਆ ਖਲਿਆਰਿਆ ਹੈ। ਤੂੰ ਜੁਗ ਜੁਗ ਜੀਵੇ ਫ਼ਨਕਾਰਾ ਤੇ ਲਿਖਣ ਵਾਲੇ ਜੰਗ ਗੀਤਕਾਰਾ। ਇਹੋ ਹੀ ਨਿੱਗਰ ਤੇ ਨਿੱਖਰੀ ਕਲਾ ਦੀ ਕਿਸਮ ਹੁੰਦੀ ਹੈ ਕਿ ਉਹ ਬੀਤੇ ਨੂੰ ਸਾਕਾਰ ਕਰ ਦੇਵੇ। ਨਾਲੇ ਨਾਲ ਤੋਰ ਦੇਵੇ ਤੇ ਤੁਰਦੇ ਨੂੰ ਰੋਕ ਲਵੇ। ਹੁਣ ਜਦੋਂ ਕਦੇ ਟੋਰਾਂਟੋ ਆਵਾਂਗਾ, ਟਾਈਗਰ ਦਾ ਗਾਇਆ ਗੀਤ :

ਟੋਰਾਂਟੋ ਦੀਆਂ ਸੜਕਾਂ 'ਤੇ ਰੋਇਆ ਗੱਭਰੂ
ਸਿਰਾਂ ਉਤੋਂ ਉਡਦੇ ਜਹਾਜ ਵੇਖਕੇ,

ਉਸੇ ਥਾਵੇਂ ਬਹਿ ਕੇ ਵਾਰ ਵਾਰ ਸੁਣਾਂਗਾ, ਜਿਥੇ ਵਿੰਨੀ ਵੀਰ ਮੈਨੂੰ ਜਹਾਜਾਂ ਨਾਲ ਗੱਲਾਂ ਕਰਨ ਨੂੰ ਛੱਡ ਕੇ ਸਦਾ ਸਦਾ ਲਈ ਚਲਾ ਗਿਆ ਸੀ। ਖੈਰ, ਪਿੰਡ ਹਾਂ। ਵਾਢੀ ਸਮੇਟਣ ਦੇ ਦਿਨ ਚੱਲ ਰਹੇ ਨੇ। ਟਰੈਕਟਰ ਟਰਾਲੀਆਂ ਦੀ ਖੜਕਾਹਟ ਹੈ। ਦੇਰ ਰਾਤ ਤੀਕਰ ਟਰੈਕਟਰਾਂ ਉਤੇ ਗੀਤ ਗੂੰਜ ਰਹੇ ਨੇ। ਕਿਸੇ ਕਿਸਾਨ ਦਾ ਟਰੈਕਟਰ ਟਰਾਲੀ ਮੰਡੀ ਵੱਲ ਨੂੰ ਜਾ ਰਿਹਾ ਜਾਪਦਾ ਹੈ ਕਣਕ ਲੈ ਕੇ। ਸ਼ਾਇਦ ਕਿਰਸਾਨ ਨੂੰ ਆਪਣੇ ਪਰਦੇਸੀ ਪੁੱਤ ਦੀ ਯਾਦ ਆ ਗਈ ਹੋਵੇ, ਤੇ ਉਸਨੇ ਟਾਈਗਰ ਦਾ ਗੀਤ ਵਜਾ ਲਿਆ ਹੈ, ਬੋਲ ਹਨ:

**ਲੋੜ ਤਾਂ ਨੀ ਕੋਈ,**
**ਏਥੇ ਕਿਹੜਾ ਪੁੱਛਦਾ**
**ਗੋਰਿਆਂ 'ਤੇ ਰੋਹਬ ਕਾਹਦਾ**
**ਖੜ੍ਹੀ ਮੁੱਛ ਦਾ**
**ਕਰਜੇ ਦੀ ਪੰਡ ਕੇਰਾਂ ਲਾਹੁੰਣੀ ਧੌਣ ਤੋਂ**
**ਰੁਕਦਾ ਨੀ ਪੁੱਤ ਫਿਰ ਪਿੰਡ ਆਉਣ**
**ਤੋਂ ਵੀਡੀਓ ਕਾਲਾਂ 'ਚ**
**ਬਾਪੂ ਵੇਖ ਹੱਸਦਾ**
**ਹੌਂਸਲੇ 'ਚ ਹੋਜੇ ਫੇਰ ਪੁੱਤ ਜੱਟ ਦਾ**
**ਪਿੰਡ ਆਕੇ ਬਾਪੂ ਮੈਂ ਤਾਂ ਖੇਤੀ ਕਰੂੰਗਾ**
**ਘੈਂਟ ਜਿਹਾ ਤੂੰ ਰੱਖੀਂ ਸਵਰਾਜ ਵੇਖ ਕੇ**
**ਟੋਰਾਂਟੋ ਦੀਆਂ ਸੜਕਾਂ 'ਤੇ**
**ਰੋਇਆ ਗੱਭਰੂ ਸਿਰਾਂ ਉਤੇ ਉਡਦੇ ਜਹਾਜ਼ ਵੇਖਕੇ**

ਰਾਤ ਬੀਤ ਚੱਲੀ ਹੈ। ਪਹੁ ਫੁੱਟਣ ਵਿੱਚ ਕੁੱਝ ਪਲ ਹੀ ਨੇ। ਬਾਬੇ ਦੇ ਬੋਲਣ ਦਾ ਵੇਲਾ ਹੋ ਚੱਲਿਆ ਏ। ਜਪੁਜੀ ਸਾਹਿਬ ਦੇ ਬੋਲ ਕੰਨੀਂ ਪੈਣਗੇ। ਦੂਰ ਪਰਦੇਸ ਵਿੱਚ ਗੁਆਚੀ ਇੱਕ ਹੂਕ ਦਾ ਤਰਲਾ ਹੈ, ਇੱਕ ਅਣਡਿੱਠਾ ਅਲਾਪ ਹੈ, ਇੱਕ ਸੁਰ ਦੀ ਸੁਗੰਧ ਹੈ, ਇੱਕ ਮੰਤਰ ਦਾ ਮੋਹ ਹੈ। ਮੈਂ ਟਾਈਗਰ ਬਾਰੇ ਡਾਇਰੀ ਦਾ ਪੰਨਾ ਲਿਖ ਰਿਹਾ ਹਾਂ। ਗਗਨ ਹਾਲੇ ਗੂੜਾ ਹੈ। ਤਾਰਿਆਂ ਦੀ ਟਿਮਟਿਮਾਹਟ ਹੈ। ਇੱਕ ਅਲੋਕਾਰਾ ਜਿਹਾ ਪੰਛੀ ਖੰਭ ਫੜਫੜਾਏਗਾ। ਅਲਾਪ ਲਗਾ ਕੇ ਉਡੇਗਾ। ਸੁੱਤਾ ਪਿੰਡ ਜਾਗੇਗਾ। ਮਾਂ ਚੁੱਲੇ ਅੱਗ ਪਾਵੇਗੀ। ਮੈਂ ਅੱਖ ਲਾਉਣ ਦਾ ਯਤਨ ਕਰਾਂਗਾ। ਅਕਾਸ਼ ਅੱਖ ਪੁੱਟ ਲਵੇਗਾ- " ਲੱਗੀ ਵਾਲੇ ਤੇ ਕਦੇ ਨੀ ਅੱਖ ਲਾਉਂਦੇ ਨੀ ਤੇਰੀ ਕਿਵੇ ਅੱਖ ਲੱਗ ਗਈ"।

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।
403-232-6220

ਗੱਲ ਤਾਂ ਪਰਦੇ ਦੀ ਹੀ ਹੈ !
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ !
ਕਾਲ: 403 953 1000
E Mail: Contact@twcoverings.com
Web: www.twcoverings.com
Timelesswindowcoverings

ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
TWC
TIMELESS WINDOW COVERINGS

# ਮੌਂਟਰੀ ਪੰਜਾਬੀ ਸੀਨੀਅਰਜ ਐਸੋਸੀਏਸ਼ਨ ਨੇ ਮਦਰਜ ਡੇ ਮਨਾਇਆ







ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) । ਮੌਂਟਰੀ ਪੰਜਾਬੀ ਸੀਨੀਅਰਜ ਐਸੋਸੀਏਸ਼ਨ ਨੇ ਬੀਤੀ 29 ਮਈ ਨੂੰ ਮਦਰਜ ਡੇ ਮਨਾ ਕੇ ਸਾਰੀਆਂ ਔਰਤ ਮੈਂਬਰਾਂ ਨੂੰ ਸਨਮਾਨਿਤ ਕੀਤਾ। ਪ੍ਰੋਗਰਾਮ ਸ਼ੁਰੂ ਹੋਣ ਤੋਂ ਪਹਿਲਾਂ ਹੀ ਸਾਰਿਆਂ ਨੇ ਖਾਣੇ ਦਾਅਨੰਦ ਮਾਣਿਆ। ਅੱਠ ਸੀਨੀਅਰ ਮੈਂਬਰਾਂ ਨੂੰ ਉਹਨਾਂ ਦੇ ਜਨਮ ਦਿਨ ਤੇ ਸਾਰੇ ਮੈਂਬਰਾਂ ਵਲੋਂ ਮੁਬਾਰਕਾਂ ਦਿੱਤੀਆਂ ਗਈਆਂ । ਉਸ ਤੋਂ ਤੁਰੰਤ ਬਾਅਦ ਕਮਲਜੀਤ ਕੌਰ ਵਲੋਂ ਜਨਮ ਦਿਨ ਮਨਾ ਰਹੇ ਅੱਠ ਸੀਨੀਅਰ ਮੈਂਬਰਾਂ ਨਾਲ ਕੀਤੀ ਗੱਲਬਾਤ ਵੀ ਦਿਲਚਸਪ ਅਤੇ ਮਨੋਰੰਜਕ ਹੋ ਨਿੱਬੜੀ । ਪ੍ਰੋਗਰਾਮ ਦੀ ਸ਼ੁਰੂਆਤ ਸੁਖਮੰਦਰ ਗਿੱਲ ਨੇ ਮਾਂ ਨਾਲ ਸਬੰਧਿਤ ਇੱਕ ਗੀਤ ਨੂੰ ਤਰੰਨੁਮ ਵਿੱਚ ਗਾ ਕੇ ਕੀਤੀ। ਉਸ ਤੋਂ ਬਾਅਦ ਸਨੀ ਸਵੈਚ,ਸੋਹਣ ਸਿੰਘ ਭੁੱਚੋ,ਜਰਨੈਲ ਸਿੰਘ ਤੱਗੜ,ਕਰਮਜੀਤ ਸਿੰਘ,ਲਲਿਤਾ ਸਿੰਘ, ਜਸਵੰਤ ਸਿੰਘ ਸੇਖੋਂ,ਭਜਨ ਸਿੰਘ ਸੱਗੂ,ਅਤੇ ਸ਼ਮਿੰਦਰ ਅਤੇ ਸੁਰਜੀਤ ਕੰਬੋ ਦੀ ਜੋੜੀ ਨੇ ਸਾਰੇ ਸੀਨੀਅਰ ਮੈਂਬਰਾਂ ਨੂੰ ਆਪਣੀਆਂ ਰਚਨਾਵਾਂ ਨਾਲ ਕੀਲ ਕੇ ਬਿਠਾਈ ਰੱਖਿਆ । ਪਰਬੇਸ਼ ਪ੍ਰਹਾਰ ਵੱਲੋਂ ਕੀਤਾ ਗਿਆ ਮੰਚ ਸੰਚਾਲਨ ਬਾਕਮਾਲ ਸੀ, ਹਰੇਕ ਮੌਕੇ ਤੇ ਸੰਬੰਧਤ ਚੁਟਕਲਿਆਂ ਦੀ ਪੇਸ਼ਕਾਰੀ ਪਰਬੇਸ਼ ਹੀ ਕਰ ਸਕਦੈ। ਉਸ ਤੋਂ ਬਾਦ ਲਹਿੰਦੇ ਪੰਜਾਬ ਤੋ ਜਨਾਬ ਮੁਨੱਵਰ ਅਹਿਮਦ ਨੇ ਸਵਰਗਵਾਸੀ ਸੁਰਜੀਤ ਪਾਤਰ ਦੀ ਬਰਸੀ ਮੌਕੇ ਉਹਨਾਂ ਨੂੰ ਯਾਦ ਕਰਦਿਆਂ ਉਸ ਦੀਆਂ ਦੋ ਗ਼ਜ਼ਲਾਂ ਤਰੰਨੁਮ ਵਿੱਚ ਪੇਸ਼ ਕੀਤੀਆਂ ਦਰਸ਼ਨ ਸਿੰਘ ਧਾਲੀਵਾਲ ਨੇ ਕੈਨੇਡਾ ਵਿੱਚ ਰਹਿੰਦਿਆਂ ਹੋਇਆਂ ਕੈਨੇਡਾ ਦੇ ਸਾਰੇ ਕਾਇਦੇ ਕਨੂੰਨ ਮੰਨਣ ਦੀ ਅਪੀਲ ਕੀਤੀ ਅਤੇ ਅਲਬਰਟਾ ਦੇ ਲੋਕਾਂ ਨੂੰ ਦਰਪੇਸ਼ ਰੈਫਰੈਂਡਮ ਹੋਣ ਅਤੇ ਉਸ ਦੇ ਨਤੀਜਿਆਂ ਤੋਂ ਜਾਣੂ ਕਰਵਾਇਆ। ਅਖੀਰ ਵਿੱਚ ਸਾਰਿਆਂ ਨੇ ਬੇਸਣ ਨਾਲ ਚਾਹ ਪੀਤੀ ਤੇ ਪ੍ਰੋਗਰਾਮ ਦੀ ਸਮਾਪਤੀ ਹੋ ਗਈ।

# ਬਿਕਰਮ ਮਜੀਠੀਆ ਭਗੌੜਾ ਹੋਣ ਦੇ ਲੱਗੇ ਪੋਸਟਰ




ਅੰਮ੍ਰਿਤਸਰ (ਪੰਜਾਬੀ ਅਖਬਾਰ ਬਿਊਰੋ)– ਬੀਤੇ ਦਿਨੀਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਖਿਲਾਫ ਥਾਣਾ ਮਜੀਠਾ ਵਿੱਚ ਮਾਮਲਾ ਦਰਜ ਕੀਤਾ ਗਿਆ ਸੀ। ਇਸ ਮਾਮਲੇ ਵਿੱਚ ਪੁਲਿਸ ਦੀ ਗ੍ਰਿਫਤ ਤੋਂ ਬਾਹਰ ਚੱਲ ਰਹੇ ਬਿਕਰਮ ਸਿੰਘ ਮਜੀਠੀਆ ਖਿਲਾਫ ਹੋਣ ਹਲਕੇ ਵਿੱਚ ਗੁਮਸ਼ੁਦਗੀ ਅਤੇ ਭਗੌੜੇ ਹੋਣ ਦੇ ਪੋਸਟਰ ਲਗਾਏ ਗਏ ਹਨ। ਹਾਲਾਂ ਕਿ ਇਨ੍ਹਾਂ ਪੋਸਟਰਾਂ ਵਿੱਚ ਕਿਸੇ ਦਾ ਨਾਮ ਨਹੀਂ ਲਿਖਿਆ ਗਿਆ ਕਿ ਕਿਸ ਵੱਲੋਂ ਲਗਾਏ ਗਏ ਹਨ। ਪੋਸਟਰਾਂ ਵਿੱਚ ਲਿਖਿਆ ਗਿਆ ਹੈ ਕਿ ਜੇਕਰ ਕਿਸੇ ਕੋਲ ਬਿਕਰਮ ਮਜੀਠੀਆ ਸਬੰਧੀ ਜਾਣਕਾਰੀ ਹੋਵੇ ਤਾਂ ਉਹ ਤੁਰੰਤ ਨੇੜਲੇ ਪੁਲਿਸ ਥਾਣੇ ਨਾਲ ਸੰਪਰਕ ਕਰਨ।

ਜ਼ਿਕਰਯੋਗ ਹੈ ਕਿ ਇਸ ਮਾਮਲੇ ਵਿੱਚ ਮਜੀਠੀਆ ਖਿਲਾਫ ਲੁਕਆਊਟ ਦਾ ਨੋਟਿਸ ਵੀ ਜਾਰੀ ਕੀਤਾ ਜਾ ਚੁੱਕਿਆ ਹੈ। ਇਸ ਤੋਂ ਪਹਿਲਾਂ ਪੁਲਿਸ ਵੱਲੋਂ ਉਨ੍ਹਾਂ ਦੀ ਰਿਹਾਇਸ਼ ਉਤੇ ਰੇਡ ਵੀ ਕੀਤੀ ਗਈ ਸੀ, ਪ੍ਰੰਤੂ ਉਹ ਘਰ ਨਹੀਂ ਮਿਲੇ ਸਨ।







# ਸਾਕਤੀ ਦੀ ਸ਼ਾਂਤ ਧਰਤੀ ਅਤੇ 'ਤਕਥੋਕ ਮੋਨੈਸਟਰੀ'

**ਜਗਜੀਤ ਸਿੰਘ ਮਾਨ , ਤੁੰਗਵਾਲੀ**

ਲੱਦਾਖ ਦੀ ਧਰਤੀ ਉੱਤੇ ਯਾਤਰਾ ਕਰਦਿਆਂ ਕਈ ਵਾਰ ਅਜਿਹੇ ਸਥਾਨ ਆ ਜਾਂਦੇ ਹਨ, ਜਿੱਥੇ ਮਨ ਆਪਣੇ ਆਪ ਹੀ ਚੁੱਪ ਹੋ ਜਾਂਦਾ ਹੈ। ਸੜਕ ਅੱਗੇ ਵਧ ਰਹੀ ਹੁੰਦੀ ਹੈ, ਮੋਟਰਸਾਈਕਲ ਦਾ ਇੰਜਣ ਆਪਣੀ ਲੈਅ ਵਿੱਚ ਚੱਲ ਰਿਹਾ ਹੁੰਦਾ ਹੈ, ਪਰ ਅੰਦਰ ਕੋਈ ਹੋਰ ਹੀ ਯਾਤਰਾ ਸ਼ੁਰੂ ਹੋ ਜਾਂਦੀ ਹੈ। ਲੇਹ ਤੋਂ ਅੱਗੇ ਜਦੋਂ ਸਾਕਤੀ ਪਿੰਡ ਵੱਲ ਰਸਤਾ ਮੋੜ ਲੈਂਦਾ ਹੈ, ਤਾਂ ਲੱਦਾਖ ਦੀ ਸੁੱਕੀ, ਪੱਥਰੀਲੀ ਅਤੇ ਧਿਆਨਮਈ ਧਰਤੀ ਆਪਣਾ ਇੱਕ ਨਵਾਂ ਰੂਪ ਦਿਖਾਉਂਦੀ ਹੈ। ਇਸੇ ਸਾਕਤੀ ਪਿੰਡ ਤੋਂ ਲਗਭਗ ਦੋ ਤਿੰਨ ਕਿਲੋਮੀਟਰ ਦੀ ਦੂਰੀ ਤੇ ਵਾਕਿਆ, ਪਹਾੜੀ ਢਲਾਣ ਉੱਤੇ ਟਿਕੀ ਹੋਈ ਤਕਥੋਕ ਮੋਨੈਸਟਰੀ ਦੂਰੋਂ ਹੀ ਯਾਤਰੀ ਨੂੰ ਆਪਣੀ ਵੱਲ ਖਿੱਚਦੀ ਹੈ। ਤਕਥੋਕ ਮੋਨੈਸਟਰੀ ਸਾਕਤੀ ਪਿੰਡ, ਲੱਦਾਖ ਵਿੱਚ ਸਥਿਤ ਇੱਕ ਪ੍ਰਸਿੱਧ ਬੌਧ ਮੱਠ ਹੈ। ਇਹ ਲੇਹ ਤੋਂ ਲਗਭਗ 46 ਕਿਲੋਮੀਟਰ ਪੂਰਬ ਵੱਲ ਹੈ ਅਤੇ ਲੱਦਾਖ ਦੇ ਧਾਰਮਿਕ ਇਤਿਹਾਸ ਵਿੱਚ ਇਸ ਦੀ ਆਪਣੀ ਵਿਲੱਖਣ ਪਛਾਣ ਹੈ। ਇਸ ਮੋਨੈਸਟਰੀ ਨੂੰ ਤਕਥੋਕ, ਥਕਥੋਕ, ਥਗਥੋਗ ਜਾਂ ਥਕ ਥਕ ਗੋਮਪਾ ਦੇ ਨਾਮਾਂ ਨਾਲ ਵੀ ਜਾਣਿਆ ਜਾਂਦਾ ਹੈ। ਇਸ ਦਾ ਨਾਮ ਹੀ ਇਸ ਦੀ ਖਾਸੀਅਤ ਨੂੰ ਦਰਸਾਉਂਦਾ ਹੈ, ਤਕਥੋਕ ਦਾ ਅਰਥ ਹੈ ਪੱਥਰ ਦੀ ਛੱਤ ਜਾਂ ਚੱਟਾਨੀ ਛੱਤ। ਇਸ ਮੱਠ ਦਾ ਨਾਂ ਇਸ ਲਈ ਪਿਆ ਕਿਉਂਕਿ ਇਸ ਦੇ ਅੰਦਰ ਇੱਕ ਕੁਦਰਤੀ ਗੁਫ਼ਾ ਹੈ, ਜਿਸ ਦੀਆਂ ਕੰਧਾਂ ਅਤੇ ਛੱਤ ਚੱਟਾਨੀ ਰੂਪ ਵਿੱਚ ਹਨ।

ਲੱਦਾਖ ਵਿੱਚ ਅਨੇਕਾਂ ਮੋਨੈਸਟਰੀਆਂ ਹਨ, ਹੇਮਿਸ, ਥਿਕਸੇ, ਲਾਮਾਯੂਰੂ, ਅਲਚੀ ਅਤੇ ਲਿਕਿਰ ਵਰਗੇ ਕਈ ਪ੍ਰਸਿੱਧ ਨਾਂ ਇਸ ਧਰਤੀ ਦੀ ਆਧਿਆਤਮਿਕ ਵਿਰਾਸਤ ਨੂੰ ਦਰਸਾਉਂਦੇ ਹਨ। ਪਰ 'ਤਕਥੋਕ' ਦੀ ਗੱਲ ਕੁਝ ਵੱਖਰੀ ਹੈ। ਇਹ ਲੱਦਾਖ ਦੀ ਇਕੱਲੀ ਪ੍ਰਮੁੱਖ ਮੋਨੈਸਟਰੀ ਮੰਨੀ ਜਾਂਦੀ ਹੈ ਜੋ ਤਿੱਬਤੀ ਬੁੱਧ ਧਰਮ ਦੀ ਨਿੰਗਮਾ ਪਰੰਪਰਾ ਨਾਲ ਸੰਬੰਧਤ ਹੈ। ਨਿੰਗਮਾ ਪਰੰਪਰਾ ਤਿੱਬਤੀ ਬੁੱਧ ਧਰਮ ਦੀਆਂ ਸਭ ਤੋਂ ਪੁਰਾਤਨ ਧਾਰਾਵਾਂ ਵਿੱਚੋਂ ਇੱਕ ਮੰਨੀ ਜਾਂਦੀ ਹੈ। ਇਸ ਕਰਕੇ ਤਕਥੋਕ ਮੋਨੈਸਟਰੀ ਸਿਰਫ਼ ਇੱਕ ਇਮਾਰਤ ਨਹੀਂ, ਸਗੋਂ ਲੱਦਾਖ ਦੀ ਪੁਰਾਤਨ ਆਧਿਆਤਮਿਕ ਗੀਤ ਦਾ ਜੀਵੰਤ ਪ੍ਰਤੀਕ ਹੈ। ਇਸ ਮੱਠ ਦੀ ਸਭ ਤੋਂ ਵੱਡੀ ਆਧਿਆਤਮਿਕ ਮਹੱਤਤਾ ਗੁਰੂ ਪਦਮਸੰਭਵ, ਜਿਨ੍ਹਾਂ ਨੂੰ ਗੁਰੂ ਰਿੰਪੋਛੇ ਵੀ ਕਿਹਾ ਜਾਂਦਾ ਹੈ, ਨਾਲ ਜੁੜੀ ਹੋਈ ਹੈ। ਲੋਕ-ਪਰੰਪਰਾ ਅਤੇ ਬੌਧ ਧਾਰਮਿਕ ਮਾਨਤਾਵਾਂ ਅਨੁਸਾਰ ਗੁਰੂ ਪਦਮਸੰਭਵ ਨੇ ਇਸ ਸਥਾਨ ਦੀ ਗੁਫ਼ਾ ਵਿੱਚ ਧਿਆਨ ਕੀਤਾ ਸੀ। ਗੁਰੂ ਪਦਮਸੰਭਵ ਨੂੰ ਹਿਮਾਲਿਆਈ ਖੇਤਰ ਵਿੱਚ ਵਜਰਯਾਨ ਬੁੱਧ ਧਰਮ ਦੇ ਪ੍ਰਸਾਰ ਨਾਲ ਡੂੰਘੇ ਤੌਰ 'ਤੇ ਜੋੜਿਆ ਜਾਂਦਾ ਹੈ। ਇਸੇ ਕਰਕੇ ਤਕਥੋਕ ਦੀ ਗੁਫ਼ਾ ਸਿਰਫ਼ ਪੱਥਰਾਂ ਦੀ ਬਣਤਰ ਨਹੀਂ ਰਹਿੰਦੀ, ਇਹ ਸਦੀਆਂ ਦੀ ਤਪੱਸਿਆ, ਚੁੱਪ ਅਤੇ ਵਿਸ਼ਵਾਸ ਦੀ ਯਾਦਗਾਰ ਬਣ ਜਾਂਦੀ ਹੈ। ਤਕਥੋਕ ਮੋਨੈਸਟਰੀ ਨੂੰ ਦੇਖਦਿਆਂ ਸਭ ਤੋਂ ਪਹਿਲਾਂ ਇਸਦੀ ਸਾਦਗੀ ਮਨ ਨੂੰ ਛੂਹਦੀ ਹੈ। ਲੱਦਾਖ ਦੀਆਂ ਬਹੁਤ ਸਾਰੀਆਂ ਮੋਨੈਸਟਰੀਆਂ ਉੱਚੇ ਪਹਾੜਾਂ ਉੱਤੇ ਕਿਲ੍ਹਿਆਂ ਵਾਂਗ ਦਿਸਦੀਆਂ ਹਨ, ਪਰ ਤਕਥੋਕ ਦਾ ਸੁਭਾਅ ਕੁਝ ਹੋਰ ਹੈ। ਇਹ ਪਹਾੜ ਦੇ ਸਰੀਰ ਨਾਲ ਜਿਵੇਂ ਜੁੜੀ ਹੋਈ ਲੱਗਦੀ ਹੈ। ਚਿੱਟੀਆਂ ਕੰਧਾਂ, ਲਾਲ-ਭੂਰੇ ਬਾਰਡਰ, ਛੋਟੀਆਂ ਖਿੜਕੀਆਂ, ਆਲੇ-ਦੁਆਲੇ ਦੇ ਚੋਰਟਨ, ਸੁੱਕੇ ਪਹਾੜ ਅਤੇ ਸੜਕ ਦੀ ਚੜ੍ਹਾਈ, ਇਹ ਸਭ ਮਿਲ ਕੇ ਇੱਕ ਅਜਿਹਾ ਦ੍ਰਿਸ਼ ਬਣਾਉਂਦੇ ਹਨ, ਜਿਸ




ਵਿੱਚ ਕੁਦਰਤ ਅਤੇ ਧਰਮ ਇੱਕ-ਦੂਜੇ ਵਿੱਚ ਰਲ ਜਾਂਦੇ ਹਨ। ਜਦੋਂ ਯਾਤਰੀ ਇਸ ਮੋਨੈਸਟਰੀ ਵੱਲ ਵਧਦਾ ਹੈ, ਤਾਂ ਬਾਹਰ ਦਾ ਦ੍ਰਿਸ਼ ਲੱਦਾਖ ਦੇ ਠੰਢੇ ਰੇਗਿਸਤਾਨ ਦੀ ਕਹਾਣੀ ਸੁਣਾਉਂਦਾ ਹੈ। ਪਹਾੜ ਨੰਗੇ ਹਨ, ਰੰਗ ਮਿੱਟੀ ਵਰਗੇ ਹਨ, ਹਵਾ ਸੁੱਕੀ ਹੈ, ਪਰ ਇਸ ਸਖ਼ਤ ਦ੍ਰਿਸ਼ ਦੇ ਵਿਚਕਾਰ ਮੋਨੈਸਟਰੀ ਇੱਕ ਚਿੱਟੇ ਦੀਵੇ ਵਾਂਗ ਚਮਕਦੀ ਹੈ। ਇਹ ਦ੍ਰਿਸ਼ ਮਨ ਵਿੱਚ ਇਹ ਅਹਿਸਾਸ ਜਗਾਉਂਦਾ ਹੈ ਕਿ ਮਨੁੱਖ ਨੇ ਆਪਣੀ ਆਸਥਾ ਨਾਲ ਕਿੰਨੀ ਕਠੋਰ ਧਰਤੀ ਨੂੰ ਵੀ ਪਵਿੱਤਰ ਬਣਾ ਦਿੱਤਾ ਹੈ।

ਤਕਥੋਕ ਦੀ ਗੁਫ਼ਾ ਇਸ ਮੋਨੈਸਟਰੀ ਦਾ ਹਿਰਦਾ ਹੈ। ਕਿਹਾ ਜਾਂਦਾ ਹੈ ਕਿ ਪੁਰਾਣੇ ਮੰਦਰ ਦਾ ਅੰਦਰੂਨੀ ਹਿੱਸਾ ਚੱਟਾਨੀ ਛੱਤ ਅਤੇ ਕੰਧਾਂ ਨਾਲ ਜੁੜਿਆ ਹੋਇਆ ਹੈ। ਇੱਥੇ ਦਾਖ਼ਲ ਹੋਣ 'ਤੇ ਇੱਕ ਵਿਲੱਖਣ ਗੰਭੀਰਤਾ ਮਹਿਸੂਸ ਹੁੰਦੀ ਹੈ। ਬਾਹਰ ਦੀ ਰੌਸ਼ਨੀ ਅਤੇ ਹਵਾ ਤੋਂ ਅੰਦਰ ਦੀ ਚੁੱਪ ਵੱਲ ਆਉਂਦਿਆਂ ਮਨ ਆਪਣੇ ਆਪ ਧੀਮਾ ਹੋ ਜਾਂਦਾ ਹੈ। ਅਜਿਹੇ ਸਥਾਨਾਂ 'ਤੇ ਇਤਿਹਾਸ ਕਿਤਾਬਾਂ ਵਿੱਚ ਨਹੀਂ, ਕੰਧਾਂ ਦੀ ਨਮੀ, ਪੱਥਰਾਂ ਦੀ ਠੰਢਕ ਅਤੇ ਦੀਵਿਆਂ ਦੀ ਲੌ ਵਿੱਚ ਮਹਿਸੂਸ ਹੁੰਦਾ ਹੈ। ਸਾਕਤੀ ਪਿੰਡ ਦਾ ਇਹ ਇਲਾਕਾ ਯਾਤਰੀਆਂ ਲਈ ਵੀ ਖ਼ਾਸ ਹੈ। ਲੇਹ ਤੋਂ ਚਾਂਗਲਾ ਪਾਸ ਅਤੇ ਪੈਂਗੌਂਗ ਝੀਲ ਵੱਲ ਜਾਂਦੇ ਰਸਤੇ ਵਿੱਚ ਇਹ ਪਾਸਾ ਆ ਸਕਦਾ ਹੈ। ਇਸ ਲਈ ਮੋਟਰਸਾਈਕਲ ਯਾਤਰਾ ਕਰਨ ਵਾਲਿਆਂ ਲਈ ਤਕਥੋਕ ਇੱਕ ਸੁੰਦਰ ਠਹਿਰਾਅ ਬਣ ਜਾਂਦਾ ਹੈ, ਅਜਿਹਾ ਠਹਿਰਾਅ ਜੋ ਸਿਰਫ਼ ਸਰੀਰ ਨੂੰ ਆਰਾਮ ਨਹੀਂ ਦਿੰਦਾ, ਸਗੋਂ ਮਨ ਨੂੰ ਵੀ ਇੱਕ ਨਵੀਂ ਸ਼ਾਂਤੀ ਦੇ ਜਾਂਦਾ ਹੈ।

ਤਕਥੋਕ ਮੋਨੈਸਟਰੀ ਦਾ ਸਾਲਾਨਾ ਤਿਉਹਾਰ ਵੀ ਇਸ ਦੀ ਵਿਰਾਸਤ ਦਾ ਮਹੱਤਵਪੂਰਨ ਹਿੱਸਾ ਹੈ। ਤਕਥੋਕ ਤਸੇਚੂ ਦੇ ਮੌਕੇ ਧਾਰਮਿਕ ਰਸਮਾਂ, ਪ੍ਰਾਰਥਨਾਵਾਂ ਅਤੇ ਰਵਾਇਤੀ ਮਾਸਕ ਡਾਂਸ ਕੀਤੇ ਜਾਂਦੇ ਹਨ। ਇਹ ਤਿਉਹਾਰ ਗੁਰੂ ਪਦਮਸੰਭਵ ਦੀ ਯਾਦ ਅਤੇ ਨਿੰਗਮਾ ਪਰੰਪਰਾ ਦੀ ਰੂਹਾਨੀ ਧਾਰਾ ਨੂੰ ਜੀਵੰਤ ਰੱਖਦਾ ਹੈ। ਇਹ ਤਿਉਹਾਰ ਆਮ ਤੌਰ 'ਤੇ ਤਿੱਬਤੀ ਚੰਦਰ ਕੈਲੰਡਰ ਦੇ ਛੇਵੇਂ ਮਹੀਨੇ ਨਾਲ ਜੁੜਿਆ ਦੱਸਿਆ ਜਾਂਦਾ ਹੈ, ਜੋ ਅਕਸਰ ਜੁਲਾਈ-ਅਗਸਤ ਦੇ ਸਮੇਂ ਆਉਂਦਾ ਹੈ। ਇਸ ਸਥਾਨ ਦੀ ਸਭ ਤੋਂ ਵੱਡੀ ਖੂਬੀ ਇਹ ਹੈ ਕਿ ਇਹ ਸੈਲਾਨੀ ਨੂੰ ਸਿਰਫ਼ ਫੋਟੋ ਖਿੱਚਣ ਲਈ ਨਹੀਂ ਰੋਕਦਾ, ਇਹ ਉਸਨੂੰ ਸੋਚਣ ਲਈ ਮਜਬੂਰ ਕਰਦਾ ਹੈ। ਜਦੋਂ ਇੱਕ ਰਾਈਡਰ, ਜੋ ਕਈ ਕਿਲੋਮੀਟਰ ਪਹਾੜਾਂ, ਪੱਥਰਾਂ, ਧੂੜ, ਬਰਫ਼ ਅਤੇ ਚੜ੍ਹਾਈਆਂ ਨੂੰ ਪਾਰ ਕਰਦਾ ਹੋਇਆ ਇੱਥੇ ਪਹੁੰਚਦਾ ਹੈ, ਤਾਂ ਉਹ ਸਮਝਦਾ ਹੈ ਕਿ ਯਾਤਰਾ ਸਿਰਫ਼ ਬਾਹਰ ਦੀ ਨਹੀਂ ਹੁੰਦੀ। ਹਰ ਬਾਹਰੀ ਰਸਤਾ ਅੰਦਰਲੇ ਕਿਸੇ ਰਸਤੇ ਨੂੰ ਵੀ ਖੋਲ੍ਹਦਾ ਹੈ। ਸਾਡੀ ਲੇਹ-ਲਦਾਖ ਮੋਟਰਸਾਈਕਲ ਯਾਤਰਾ ਵਿੱਚ ਸਾਕਤੀ ਨੇੜੇ ਇਹ ਮੋਨੈਸਟਰੀ ਇੱਕ ਅਜਿਹਾ ਪਲ ਬਣ ਕੇ ਆਈ, ਜਿੱਥੇ ਰਫ਼ਤਾਰ ਕੁਝ ਸਮੇਂ ਲਈ ਠਹਿਰ ਗਈ। ਮੋਟਰਸਾਈਕਲ ਦੀ ਦੁੱਗ-ਦੁੱਗ, ਪਹਾੜੀ ਸੜਕ ਦੀ ਚੜ੍ਹਾਈ, ਦੂਰ ਦਿਸਦੀ ਚਿੱਟੀ ਮੋਨੈਸਟਰੀ ਅਤੇ ਆਲੇ-ਦੁਆਲੇ ਦੀ ਸ਼ਾਂਤੀ, ਇਹ ਸਭ ਕੁਝ ਇੱਕੋ ਫਰੇਮ ਵਿੱਚ ਕੈਦ ਹੋ ਗਿਆ। ਤਕਥੋਕ ਮੋਨੈਸਟਰੀ ਸਾਨੂੰ ਇਹ ਵੀ ਸਿਖਾਉਂਦੀ ਹੈ ਕਿ ਪਵਿੱਤਰਤਾ ਹਮੇਸ਼ਾ ਸ਼ਾਨਦਾਰ ਇਮਾਰਤਾਂ ਵਿੱਚ ਨਹੀਂ ਹੁੰਦੀ। ਕਈ ਵਾਰ ਪਵਿੱਤਰਤਾ ਇੱਕ ਗੁਫ਼ਾ ਵਿੱਚ ਹੁੰਦੀ ਹੈ, ਇੱਕ ਪੱਥਰ ਦੀ ਛੱਤ ਹੇਠ ਹੁੰਦੀ ਹੈ, ਇੱਕ ਦੀਵੇ ਦੀ ਲੋਅ ਵਿੱਚ ਹੁੰਦੀ ਹੈ ਜਾਂ ਪਹਾੜ ਦੀ ਚੁੱਪ ਵਿੱਚ ਹੁੰਦੀ ਹੈ। ਇਸ ਮੋਨੈਸਟਰੀ ਦੀ ਸ਼ਾਨ ਇਸਦੀ ਵੱਡੀ ਇਮਾਰਤ ਵਿੱਚ ਨਹੀਂ, ਸਗੋਂ ਉਸ ਰੂਹਾਨੀ ਵਿਰਾਸਤ ਵਿੱਚ ਹੈ ਜੋ ਸਦੀਆਂ ਤੋਂ ਇੱਥੇ ਸਾਹ ਲੈਂਦੀ ਆ ਰਹੀ ਹੈ। ਲੱਦਾਖ ਦੀ ਧਰਤੀ 'ਤੇ ਤਕਥੋਕ ਵਰਗੇ ਸਥਾਨ ਯਾਤਰਾ ਨੂੰ ਹੋਰ ਡੂੰਘਾ ਕਰ ਦਿੰਦੇ ਹਨ। ਇਹ ਸਾਨੂੰ ਦੱਸਦੇ ਹਨ ਕਿ ਪਹਾੜ ਸਿਰਫ਼ ਚੜ੍ਹਨ ਲਈ ਨਹੀਂ ਹੁੰਦੇ, ਉਹ ਸਮਝਣ ਲਈ ਵੀ ਹੁੰਦੇ ਹਨ। ਰਸਤੇ ਸਿਰਫ਼ ਤੈਅ ਕਰਨ ਲਈ ਨਹੀਂ ਹੁੰਦੇ, ਉਹ ਜੀਣ ਲਈ ਵੀ ਹੁੰਦੇ ਹਨ। ਅਤੇ ਮੋਨੈਸਟਰੀਆਂ ਸਿਰਫ਼ ਦੇਖਣ ਲਈ ਨਹੀਂ ਹੁੰਦੀਆਂ, ਉਹ ਅੰਦਰ ਦੀ ਆਵਾਜ਼ ਸੁਣਨ ਲਈ ਹੁੰਦੀਆਂ ਹਨ।

ਸਾਕਤੀ ਨੇੜੇ ਤਕਥੋਕ ਮੋਨੈਸਟਰੀ ਇਸੇ ਕਰਕੇ ਲੱਦਾਖ ਦੀ ਯਾਤਰਾ ਵਿੱਚ ਇੱਕ ਅਣਮੁੱਲਾ ਅਧਿਆਇ ਹੈ। ਇਹ ਸਥਾਨ ਯਾਤਰੀ ਨੂੰ ਇਤਿਹਾਸ ਨਾਲ ਜੋੜਦਾ ਹੈ, ਆਸਥਾ ਨਾਲ ਜੋੜਦਾ ਹੈ, ਕੁਦਰਤ ਨਾਲ ਜੋੜਦਾ ਹੈ ਅਤੇ ਸਭ ਤੋਂ ਵੱਧ,ਆਪਣੇ ਆਪ ਨਾਲ ਜੋੜਦਾ ਹੈ। ਤਕਥੋਕ ਮੋਨੈਸਟਰੀ ਪੱਥਰਾਂ ਵਿੱਚ ਬਣਿਆ ਇੱਕ ਮੱਠ ਨਹੀਂ, ਸਗੋਂ ਚੁੱਪ ਵਿੱਚ ਲਿਖੀ ਹੋਈ ਇੱਕ ਆਧਿਆਤਮਿਕ ਕਵਿਤਾ ਹੈ। ਸਾਕਤੀ ਦੀ ਧਰਤੀ 'ਤੇ ਖੜ੍ਹਾ ਇਹ ਪਵਿੱਤਰ ਸਥਾਨ ਸਾਨੂੰ ਯਾਦ ਕਰਵਾਉਂਦਾ ਹੈ ਕਿ ਅਸਲੀ ਯਾਤਰਾ ਉੱਥੇ ਸ਼ੁਰੂ ਹੁੰਦੀ ਹੈ, ਜਿੱਥੇ ਮਨ ਬਾਹਰੀ ਦ੍ਰਿਸ਼ਾਂ ਤੋਂ ਅੱਗੇ ਵਧ ਕੇ ਅੰਦਰਲੀ ਸ਼ਾਂਤੀ ਨੂੰ ਛੂਹ ਲੈਂਦਾ ਹੈ।






# ਪ੍ਰੋਫੈਸਰ ਮਲਵਿੰਦਰਜੀਤ ਵੜੈਚ ਸੂਰਜ ਸੀ ਜੋ ਅਨੇਕਾਂ ਦੀਵੇ ਜਗਾ ਗਿਆ - ਡਾ. ਸੁਰਿੰਦਰ ਧੰਜਲ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ): ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ 9 ਮਈ ਨੂੰ ਜ਼ਿੰਦਗੀ ਦਾ ਸਫ਼ਰ ਪੂਰਾ ਕਰ ਕੇ ਰੁਖ਼ਸਤ ਹੋ ਗਏ। ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਨਮਿੱਤ 23 ਮਈ ਨੂੰ ਚੰਡੀਗੜ੍ਹ ਵਿੱਚ ਯਾਦਗਾਰੀ ਸਮਾਗਮ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਉਨ੍ਹਾਂ ਦੀ ਧੀ ਡਾ. ਮਿੰਨਾ ਜਾਖੜ, ਮਾਮੇ ਦਾ ਪੁੱਤ ਗੁਰਭਜਨ ਗਿੱਲ, ਸ਼ਹੀਦ ਭਗਤ ਸਿੰਘ ਦਾ ਭਾਣਜਾ ਪ੍ਰੋ. ਜਗਮੋਹਨ ਸਿੰਘ, ਡਾ. ਬਰਜਿੰਦਰ ਹਮਦਰਦ, ਸੁਖਦੇਵ ਸਿਰਸਾ, ਸਵਰਾਜਬੀਰ ਤੋਂ ਇਲਾਵਾ ਅਨੇਕਾਂ ਮੰਨੀਆਂ ਪ੍ਰਮੰਨੀਆਂ ਸ਼ਖ਼ਸੀਅਤਾਂ ਅਤੇ 500 ਤੋਂ ਵੱਧ ਹਿਤੈਸ਼ੀ ਸ਼ਾਮਲ ਹੋਏ। ਪ੍ਰੋਫੈਸਰ ਵੜੈਚ ਨੂੰ ਇੱਕ ਅਧਿਆਪਕ, ਇਤਿਹਾਸਕਾਰ, ਇਨਕਲਾਬੀ ਸੋਚ ਦੇ ਧਾਰਨੀ ਅਤੇ ਕਰਮਯੋਗੀ ਵਜੋਂ ਯਾਦ ਕੀਤਾ ਗਿਆ। ਉਸੇ ਦਿਨ ਵੈਨਕੂਵਰ ਦੇ ਰੇਡੀਓ ਸਵਿਫਟ 1200 ਏ.ਐਮ. ਉਪਰ ਪ੍ਰੋ. ਹਰਿੰਦਰ ਸੰਧੂ ਨੇ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਲੁਧਿਆਣਾ ਵਿਖੇ ਪ੍ਰੋ. ਵੜੈਚ ਦੇ ਵਿਦਿਆਰਥੀ ਰਹੇ ਡਾ. ਸੁਰਿੰਦਰ ਧੰਜਲ ਨਾਲ਼ ਲੰਮੀ ਮੁਲਾਕਾਤ ਕੀਤੀ ਜਿਸ ਦੌਰਾਨ ਡਾ. ਧੰਜਲ ਨੇ ਪ੍ਰੋ. ਵੜੈਚ ਦੇ ਕਈ ਪਹਿਲੂਆਂ ਨੂੰ ਉਜਾਗਰ ਕਰਦਿਆਂ ਦੱਸਿਆ ਕਿ ਉਹ ਤਾਂ ਸੂਰਜ ਸਨ ਜਿਸ ਨੇ ਮੇਰੇ ਵਰਗੇ ਅਨੇਕਾਂ ਦੀਵੇ ਜਗਾਏ। ਉਨ੍ਹਾਂ ਨੇ ਲਾਅ ਤੋਂ ਇਲਾਵਾ ਪੰਜ ਐਮ.ਏ. ਦੀਆਂ ਡਿਗਰੀਆਂ ਹਾਸਲ ਕੀਤੀਆਂ ਸਨ। ਉਹ ਪੰਜ ਦਰਜਨ ਪੁਸਤਕਾਂ ਦੇ ਲੇਖਕ ਤੇ ਸੰਪਾਦਕ ਸਨ ਜਿੰਨ੍ਹਾਂ ਵਿੱਚੋਂ ਕੋਈ ਤਿੰਨ ਦਰਜਨ ਪੁਸਤਕਾਂ ਦੇਸ਼ ਭਗਤਾਂ, ਸੁਤੰਤਰਤਾ ਸੰਗ੍ਰਾਮੀਆਂ ਅਤੇ ਸ਼ਹੀਦਾਂ ਬਾਰੇ ਹਨ। ਉਸ ਤੋਂ ਅਗਲੇ ਦਿਨ ਕੈਲਗਰੀ ਵਿੱਚ ਪੰਜਾਬੀ ਸਾਹਿਤ ਸਭਾ ਦੀ ਇਕੱਤਰਤਾ ਸਮੇਂ ਮਲਵਿੰਦਰਜੀਤ ਸਿੰਘ ਨੂੰ ਭਾਵ-ਭਿੰਨੀ ਸ਼ਰਧਾਂਜਲੀ ਦਿੰਦਿਆਂ ਜਗਦੇਵ ਸਿੱਧੂ ਨੇ ਪੀ.ਏ.ਯੂ. ਵਿਖੇ ਆਪਣੇ ਵਿਦਿਆਰਥੀ ਕਾਰਜ ਕਾਲ ਸਮੇਂ ਪ੍ਰੋ. ਵੜੈਚ, ਜਗਮੋਹਨ ਸਿੰਘ, ਭਗਤ ਸਿੰਘ ਦੇ ਮਾਤਾ ਜੀ, ਭੈਣ ਬੀਬੀ ਅਮਰ ਕੌਰ ਅਤੇ ਦੁਰਗਾ ਭਾਬੀ ਨਾਲ਼ ਕਰਵਾਏ ਸਮਾਗਮਾਂ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਪ੍ਰੋ. ਵੜੈਚ ਦੀ ਸੋਚ 'ਤੇ ਪਹਿਰਾ ਦੇਣ ਦਾ ਅਹਿਦ ਦੁਹਰਾਇਆ।



Malwinder Jit Singh Waraich
(21.11.1929 - 09.05.2026)

# ਨਗਰ ਕੀਰਤਨ 2026 ਦਾ ਪੂਰਾ ਹਿਸਾਬ ਕਿਤਾਬ ਗੁਰੂਘਰ ਦੀ ਕਮੇਟੀ ਵੱਲੋਂ ਜਾਰੀ ਕੀਤਾ ਗਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਗੁਰਦੁਆਰਾ ਦਸਮੇਸ਼ ਕਲਚਰਲ ਸੈਂਟਰ ਕੈਲਗਰੀ ਦੇ ਮੁੱਖ ਸੇਵਾਦਾਰ ਭਾਈ ਹਰਪਾਲ ਸਿੰਘ ਵੱਲੋਂ ਬੀਤੀ 9 ਮਈ 2026 ਨੂੰ ਹੋਏ ਨਗਰ ਕੀਰਤਨ ਦਾ ਕੁੱਲ ਖ਼ਰਚੇ ਦਾ ਹਿਸਾਬ ਕਿਤਾਬ ਸੰਗਤਾਂ ਨਾਲ ਸਾਂਝਾ ਕੀਤਾ ਗਿਆ। ਉਹਨ ਾਂਦੱਸਿਆ ਕਿ 8 ਲੱਖ 11 ਹਜ਼ਾਰ 89 ਡਾਲਰ 92 ਸੈਂਟ ਖ਼ਰਚਾ ਹੋਇਆ ਹੈ ਅਤੇ ਗੋਲਕ ਭੇਟਾ 3 ਲੱਖ 40 ਹਜਾਰ ਦੀ ਰਕਮ ਗੁਰੂਘਰ ਦੇ ਖਾਤੇ ਵਿੱਚ ਜਮਾਂ ਹੋਈ ਹੈ। ਭਾਈ ਹਰਪਾਲ ਸਿੰਘ ਗਰੇਵਾਲ ਵੱਲੋਂ ਸਟੇਜ ਉਪਰੋਂ ਇਹ ਵੀ ਕਿਹਾ ਗਿਆ ਹੈ ਕਿ ਜੇਕਰ ਕਿਸੇ ਦਾ ਇਸ ਰਿਪੋਰਟ ਵਾਰੇ ਕੋਈ ਸਵਾਲ ਹੈ ਤਾਂ ਤੁਸੀਂ ਮੈਨੂੰ ਪੁੱਛ ਸਕਦੇ ਹੋ। ਇਸ ਸਾਰੇ ਖਰਚਿਆਂ ਦੇ ਵੇਰਵੇ ਦੀ ਜਾਣਕਾਰੀ ਸੋਸਲ ਮੀਡੀਆ ਉੱਪਰ ਕਮੇਟੀ ਮੈਂਬਰ ਪਰਦੀਪ ਸਿੰਘ ਬੈਨੀਪਾਲ ਵੱਲੋਂ ਵੀ ਸਾਂਝੀ ਕੀਤੀ ਗਈ ਹੈ।

**Nagar Kirtan Expenses 2026**

| | |
|---|---|
| **City of Calgary City Services** | |
| Original Cost | $243,700.17 |
| Dashmesh Payment | - $60,000.00 |
| City Subsidy | 75% |
| Net City Services Cost | $183,700.17 |
| F&D Float Expenses (Main) | $20,600.00 |
| Golf Carts Rental | $13,809.60 |
| Radios | $2,835.00 |
| Stages South | $20,258.49 |
| Stages North | $19,213.86 |
| Aaron Paramedical | $19,247.45 |
| Gurdwara Security | $2,041.20 |
| AXE Security | $50,161.16 |
| Waymark | $198,641.53 |
| Transit (Bus) | $25,200.00 |
| Westwinds Parking (Transit) | $1,380.00 |
| Audio | $10,500.00 |
| Signage (Park, Tents, Stage) | $11,510.15 |
| Sunbelt | $231,805.64 |
| Airdrie Trailer Rent | $8,137.49 |
| Tent | $100,000.00 |
| Total Cost | $806,851.72 |
| Gatka (Khalsa School) | $4,238.20 |
| **Grand Total** | **$811,089.92** |
| **Golak** | **$340,000.00** |


ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।

403-232-6220








CHANDIGARH DRIVING SCHOOL
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
RAVINDER SINGH SOHI
Alberta Certified Class 1,3,5 (Driving Instructor)
We Can Speak English, German, Punjabi, Hindi & Urdu
We have 24 years Experience
STOP
Auto & Manual Truck For Training
ਵਧੀਆ ਸੇਵਾਵਾਂ, ਵਾਜਬ ਕੀਮਤਾਂ
ਚੰਡੀਗੜ੍ਹ ਡਰਾਈਵਿੰਗ ਸਕੂਲ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca





ਗੱਲ ਤਾਂ ਪਰਦੇ ਦੀ ਹੀ ਹੈ!
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ!
ਕਾਲ: 403 953 1000
E Mail: Contact@twcoverings.com
Web: www.twcoverings.com
Timelesswindowcoverings
ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।

TWC TIMELESS WINDOW COVERINGS

# ਸੁੱਘੜ-ਸਿਆਣੀ ਸੁਆਣੀ ਅਤੇ ਜਾਣੀ-ਪਛਾਣੀ ਸਾਹਿਤਕਾਰਾ ਹੈ-ਸੁਖਵਿੰਦਰ ਕੌਰ ਸਿੱਧੂ



ਮੁਲਾਕਾਤੀ: ਜਸਵੀਰ ਭਲੂਰੀਆ




ਬੀਬਾ ਸੁਖਵਿੰਦਰ ਕੌਰ ਸਿੱਧੂ ਸਿਖਿਆ ਅਤੇ ਸਾਹਿੱਤਕ ਖੇਤਰ ਦੀ ਚਰਚਿਤ ਸ਼ਖ਼ਸੀਅਤ ਹੈ। ਉਨਾਂ ਦੀਆਂ ਰਚਨਾਵਾਂ ਪੰਜਾਬੀ ਦੇ ਪ੍ਰਮੁੱਖ ਅਖ਼ਬਾਰਾਂ ਅਤੇ ਰਸਾਲਿਆਂ ਦੀ ਸ਼ਾਨ ਬਣਦੀਆਂ ਰਹਿੰਦੀਆਂ ਹਨ। ਪਰ ਉਨ੍ਹਾਂ ਦਾ ਰੋਜ਼ਗਾਰ ਸਿਖਿਆ ਦੇ ਖੇਤਰ ਨਾਲ ਜੁੜਿਆ ਹੋਇਆ ਹੋਣ ਕਰਕੇ ਉਨ੍ਹਾਂ ਨੇ ਸਿੱਖਿਆ ਦੇ ਖੇਤਰ ਵਿੱਚ ਵੀ ਵਿਲੱਖਣ ਪੈੜਾਂ ਪਾਈਆਂ ਹਨ। ਉਨਾਂ ਨੇ ਪੜ੍ਹਾਉਣ ਲਈ ਗਣਿਤ ਵਰਗਾ ਔਖਾ ਵਿਸ਼ਾ ਚੁਣਿਆਂ,ਜਿਸ ਤੋਂ ਪੇਂਡੂ ਖੇਤਰ ਦੇ ਵਿਦਿਆਰਥੀ ਅਕਸਰ ਟਲਦੇ ਰਹਿੰਦੇ ਹਨ। ਸੁਖਵਿੰਦਰ ਸਿੱਧੂ ਨੇ ਇਹ ਵਿਸ਼ਾ ਲਕੀਰ ਦੇ ਫਕੀਰ ਬਣ ਕੇ ਨਹੀਂ ਪੜ੍ਹਾਇਆ ਸਗੋਂ ਆਪਣਾ ਇੱਕ ਵੱਖਰਾ ਸਰਲ ਅਤੇ ਮਨੋਰੰਜਕ ਤਰੀਕਾ ਲੱਭਿਆ ਅਤੇ ਅਪਨਾਇਆ। ਕਿਉਂਕਿ ਉਹ ਇੱਕ ਸਾਹਿਤਕਾਰਾ ਵੀ ਹਨ,ਇਸ ਲਈ ਉਨਾਂ ਸਾਹਿਤ ਦਾ ਸਹਾਰਾ ਲੈਂਦਿਆਂ ਗਣਿਤ ਵਰਗੇ ਰੁੱਖੇ ਅਤੇ ਔਖੇ ਵਿਸ਼ੇ ਨੂੰ ਬੋਲੀਆਂ,ਬੁਝਾਰਤਾਂ ਅਤੇ ਕਵਿਤਾਵਾਂ ਵਿੱਚ ਬਦਲ ਕੇ ਸੌਖਾ ਅਤੇ ਰੌਚਿਕ ਬਣਾ ਦਿੱਤਾ। ਇਹ ਸਿਰਫ਼ ਉਨ੍ਹਾਂ ਨੇ ਆਪਣੇ ਲਈ ਹੀ ਨਹੀਂ ਕੀਤਾ ਸਗੋਂ ਇਸ ਨੂੰ ਕਿਤਾਬੀ ਰੂਪ ਦੇ ਕੇ ਹੋਰ ਅਧਿਆਪਕਾਂ ਲਈ ਵੀ ਸੌਖਾ ਕਰ ਦਿੱਤਾ। ਉਨ੍ਹਾਂ ਦੀਆਂ ਸੱਤ ਪੁਸਤਕਾਂ ਵਿੱਚੋਂ ਤਿੰਨ ਪੁਸਤਕਾਂ ਗਣਿਤ ਵਿਸ਼ੇ ਨਾਲ ਸੰਬੰਧਿਤ ਹਨ। ਜਿੱਥੇ ਸੁਖਵਿੰਦਰ ਕੌਰ ਸਿੱਧੂ ਨੇ ਸਿੱਖਿਆ ਅਤੇ ਸਾਹਿਤਕ ਖੇਤਰ ਵਿੱਚ ਵਿਲੱਖਣ ਕਾਰਜ ਕੀਤੇ ਉੱਥੇ ਹੀ ਉਨ੍ਹਾਂ ਨੇ ਸੁੱਘੜ-ਸਿਆਣੀ ਸੁਆਣੀ ਹੋਣ ਦੇ ਫਰਜ਼ ਵੀ ਬਾਖ਼ੂਬੀ ਨਿਭਾਏ ਹਨ। ਅੱਜਕੱਲ੍ਹ ਉਹ ਕੈਨੇਡਾ ਦੇ ਸ਼ਹਿਰ ਅਡਮਿੰਟਨ ਵਿਖੇ ਸੰਤੁਸ਼ਟੀਜਨਕ ਅਤੇ ਖੁਸ਼ਹਾਲ ਜੀਵਨ ਬਿਤਾ ਰਹੇ ਹਨ। ਆਓ ਅੱਜ ਉਨ੍ਹਾਂ ਦੇ ਰੁਝੇਵਿਆਂ ਭਰੇ ਜੀਵਨ ਬਾਰੇ,ਸਿਖਿਆ ਅਤੇ ਸਾਹਿਤ ਦੇ ਖੇਤਰ ਵਿੱਚ ਪਾਏ ਯੋਗਦਾਨ ਬਾਰੇ ਜਾਣੀਏਂ।

**ਸਵਾਲ- ਬੀਬਾ ਸੁਖਵਿੰਦਰ ਸਿੱਧੂ ਜੀ ਸਭ ਤੋਂ ਪਹਿਲਾਂ ਆਪਣੇ ਜਨਮ,ਜਨਮ-ਭੂਮੀ ਅਤੇ ਪ੍ਰੀਵਾਰ ਬਾਰੇ ਸਾਡੇ ਪਾਠਕਾਂ ਨੂੰ ਜਾਣੂ ਕਰਵਾਓ ?**

ਜਵਾਬ- ਜਸਵੀਰ ਭਲੂਰੀਆ ਵੀਰ ਜੀ ਮੇਰਾ ਜਨਮ 25 ਜਨਵਰੀ 1972 ਨੂੰ ਪਿੰਡ ਮੂਲੋਵਾਲ ਜ਼ਿਲ੍ਹਾ ਸੰਗਰੂਰ ਵਿਖੇ ਪਿਤਾ ਸ: ਲਾਭ ਸਿੰਘ ਅਤੇ ਮਾਤਾ ਸ੍ਰੀਮਤੀ ਹਰਜਿੰਦਰ ਕੌਰ ਦੇ ਘਰ, ਦਾਦਾ-ਦਾਦੀ, ਚਾਚੇ-ਚਾਚੀਆਂ ਦੇ ਵੱਡੇ ਸੰਯੁਕਤ ਪ੍ਰੀਵਾਰ ਵਿੱਚ ਹੋਇਆ। ਪ੍ਰਾਇਮਰੀ ਦੀ ਸਿੱਖਿਆ ਸ: ਪ੍ਰ: ਸਕੂਲ ਮੂਲੋਵਾਲ,ਦਸਵੀਂ ਵੀ ਸ: ਹਾਈ ਸਕੂਲ ਮੂਲੋਵਾਲ ਅਤੇ ਫਿਰ ਵਿਮੈਨ ਕਾਲਜ ਸਿੱਧਵਾਂ ਖੁਰਦ ਵਿੱਚ ਦਾਖਲਾ ਲੈ ਲਿਆ। ਬੀ-ਐਡ ਮਾਲਵਾ ਸੈਂਟਰਲ ਕਾਲਜ ਆਫ ਐਜੂਕੇਸ਼ਨ ਲੁਧਿਆਣਾ ਤੋਂ ਕੀਤੀ।

**ਸਵਾਲ- ਵਿਦਿਆਰਥੀ ਜੀਵਨ ਦੌਰਾਨ ਇੱਕ ਲੜਕੀ ਹੋਣ ਦੇ ਨਾਤੇ ਤੁਹਾਨੂੰ ਕੀ ਕੀ ਸਮੱਸਿਆਵਾਂ ਆਈਆਂ ?**

ਜਵਾਬ- ਮੇਰੀ ਪਰਵਿਸ਼ ਅਤੇ ਵਿਦਿਆਰਥੀ ਜੀਵਨ ਸਮੇਂ ਮੈਨੂੰ ਕੋਈ ਵੀ ਅਜਿਹੀ ਸਮੱਸਿਆ ਨਹੀਂ ਆਈ ਜਿਸ ਦਾ ਮੈਂ ਜਿਕਰ ਕਰ ਸਕਾਂ। ਸਗੋਂ ਮੇਰੇ ਪੇਕੇ ਅਤੇ ਸਹੁਰੇ ਪ੍ਰੀਵਾਰ ਵੱਲੋਂ ਖ਼ੂਬ ਪਿਆਰ-ਸਤਿਕਾਰ ਮਿਲਿਆ। ਇਵਜ ਵਿੱਚ ਮੈਂ ਵੀ ਇਸ ਪਿਆਰ-ਸਤਿਕਾਰ ਬਦਲੇ ਸਮਾਜਿਕ ਕਦਰਾਂ ਕੀਮਤਾਂ ਨੂੰ ਆਪਣੀ ਅਤੇ ਪ੍ਰੀਵਾਰ ਦੀ ਸ਼ਾਨ ਬਣਾਈ ਰੱਖਿਆ।

**ਸਵਾਲ- ਜ਼ਿਆਦਾਤਰ ਪੇਂਡੂ ਵਿਦਿਆਰਥੀ ਗਣਿਤ ਵਿੱਚੋਂ ਕਮਜ਼ੋਰ ਹੁੰਦੇ ਹਨ। ਪਰ ਤੁਸੀਂ ਗਣਿਤ ਨੂੰ ਹੀ ਚੁਣਿਆਂ,ਕਿਉਂ ?**

ਜਵਾਬ- ਪੈਂਡੂ ਸਕੂਲ ਵਿੱਚੋਂ ਪੜ ਕੇ ਹੀ ਮੇਰਾ ਰੁਝਾਨ ਗਣਿਤ ਵੱਲ ਹੋਇਆ। ਇਹ ਗਣਿਤ ਦੇ ਅਧਿਆਪਕ ਕਰਕੇ ਨਹੀਂ ਸਗੋਂ ਮੈਂ ਹਿੰਦੀ ਦੇ ਅਧਿਆਪਕ ਸ: ਹਰਬੰਸ ਸਿੰਘ ਜੀ ਦੀ ਪਾਰਖੂ ਨਜ਼ਰ ਕਰਕੇ ਗਣਿਤ ਅਧਿਆਪਕਾ ਬਣੀ। ਮੈਂ ਹਮੇਸ਼ਾ ਕਹਿੰਦੀ ਹਾਂ ਕਿ ਅਧਿਆਪਕ ਵਿਦਿਆਰਥੀ ਦੇ ਭਵਿੱਖ ਨੂੰ ਰੁਸ਼ਨਾਉਣ ਵਿੱਚ ਵੱਡਾ ਯੋਗਦਾਨ ਪਾ ਸਕਦਾ ਹੈ। ਇਸ ਨਾਲ ਜੁੜਦੀ ਕਹਾਣੀ ਦਾ ਮੈਂ ਜਿਕਰ ਕਰਨਾ ਚਾਹਾਂਗੀ। ਗਣਿਤ ਦੇ ਪੀਰੀਅਡ ਵਿੱਚ ਮੈਨੂੰ ਸਵਾਲ ਨਾ ਆਉਣ ਕਰਕੇ ਖੜਾ ਕਰ ਦਿੱਤਾ ਗਿਆ। ਅਗਲਾ ਪੀਰੀਅਡ ਹਿੰਦੀ ਦਾ ਸੀ। ਮਾਸਟਰ ਹਰਬੰਸ ਸਿੰਘ ਜੀ ਨੇ ਮੈਨੂੰ ਕਲਾਸ ਵਿੱਚ ਖੜੀ ਦੇਖ ਕੇ ਖੜੇ ਹੋਣ ਦਾ ਕਰਨ ਪੁੱਛਿਆ। ਕਿਉਂਕਿ ਕਿ ਸਾਰੀ ਜਮਾਤ ਵਿੱਚੋਂ ਹੁਸ਼ਿਆਰ ਬੱਚਿਆਂ ਵਿੱਚ ਗਿਣੀ ਜਾਂਦੀ ਸੀ,ਇਸ ਲਈ ਮਾਸਟਰ ਹਰਬੰਸ ਸਿੰਘ ਜੀ ਨੂੰ ਮੇਰੀ ਸਵਾਲ ਨਾ ਆਉਣ ਦੀ ਚਿੰਤਾ ਹੋਈ। ਮੈਂ ਕਾਰਨ ਦੱਸਿਆ ਕਿ ਮਾਸਟਰ ਜੀ ਮੈਨੂੰ ਤਿਕੋਣ ਮਿਤੀ ਸਮਝ ਨਹੀਂ ਆਈ। ਉਨਾਂ ਅਜਿਹੇ ਰੌਚਿਕ ਤਰੀਕੇ ਨਾਲ ਸਮਝਾਇਆ ਕਿ ਗਣਿਤ ਮੇਰਾ ਮਨਪਸੰਦ ਵਿਸ਼ਾ ਬਣ ਗਿਆ।

**ਸਵਾਲ- ਗਣਿਤ ਜਿਹੇ ਔਖੇ ਅਤੇ ਰੁੱਖੇ ਵਿਸ਼ੇ ਨੂੰ ਤੁਸੀਂ ਕਵਿਤਾਵਾਂ,ਬੋਲੀਆਂ ਅਤੇ ਬੁਝਾਰਤਾਂ ਵਿੱਚ ਢਾਲ਼ ਕੇ ਸਰਲ ਅਤੇ ਰੌਚਿਕ ਬਣਾ ਦਿੱਤਾ,ਇਹ ਖ਼ਿਆਲ ਦਿਮਾਗ਼ ਵਿੱਚ ਕਿਵੇਂ ਆਇਆ, ਕੁੱਝ ਨਮੂਨੇ ਵੀ ਦਿਓ ?**

ਜਵਾਬ- ਮੇਰੇ ਸਾਹਿਤ ਨਾਲ ਬਾਵਾਸਤਾ ਹੋਣ ਕਰਕੇ ਮੈਂ ਸਮਝਦੀ ਸੀ ਕਿ ਕਵਿਤਾ ਇਨਸਾਨ ਦੇ ਦਿਲ-ਦਿਮਾਗ ਤੇ ਸਿੱਧਾ ਅਸਰ ਕਰਦੀ ਹੈ,ਇਸ ਲਈ ਜਦੋਂ ਮੈਂ ਅਧਿਆਪਨ ਕਿੱਤੇ ਵਿੱਚ ਆਈ ਤਾਂ ਮੇਰੇ ਆਪਣੇ ਪੜ੍ਹਾਉਣ ਦਾ ਤਰੀਕਾ ਵੀ ਹਰ ਚੀਜ਼ ਨੂੰ ਸਰਲ ਬਣਾ ਕੇ ਸਿਖਾਉਣ ਦਾ ਬਣ ਗਿਆ। ਮੇਰੇ ਇਸ ਤਰੀਕੇ ਨਾਲ ਪੜਾਉਣ ਕਰਕੇ ਵਿਦਿਆਰਥੀਆਂ ਦੇ ਗਣਿਤ ਵਿੱਚੋਂ ਚੰਗੇ ਨੰਬਰ ਆਉਣ ਲੱਗ ਪਏ। ਸਾਹਿਤ ਨਾਲ ਜੁੜੀ ਹੋਣ ਕਰਕੇ ਮੇਰੇ ਮਨ ਵਿੱਚ ਇਹ ਤਰੀਕੇ ਹੋਰ ਅਧਿਆਪਕਾਂ ਤੱਕ ਪਹੁੰਚਾਉਣ ਦੀ ਰੀਝ ਨੇ ਮੇਰੀਆਂ ਤਿੰਨ ਕਿਤਾਬਾਂ ਗਣਿਤ ਪਟਾਰੀ,ਗਣਿਤ ਬੁਝਾਰਤਾਂ ਅਤੇ ਗਣਿਤ ਬੋਲੀਆਂ ਨੂੰ ਜਨਮ ਦਿੱਤਾ।

**ਸਵਾਲ- ਸਿੱਖਿਆ ਦੇ ਸੇਵਾ-ਕਾਲ ਦੌਰਾਨ ਕੋਈ ਅਭੁੱਲ ਘਟਨਾ ਸਾਡੇ ਪਾਠਕਾਂ ਨਾਲ ਸਾਂਝੀ ਕਰੋ ?**

ਜਵਾਬ- ਜਦੋਂ ਸ: ਸ: ਸ: ਸਕੂਲ ਧਲੇਸ ਵਿਖੇ ਨਵੇਂ ਪ੍ਰਿੰਸੀਪਲ ਸਾਹਿਬ ਨੇ ਜੁਆਇੰਨ ਕੀਤਾ ਤਾਂ ਕੁੱਝ ਕੁ ਦਿਨ ਬਾਅਦ ਅਧਿਆਪਕ ਦਿਵਸ ਸੀ। ਸਰ ਕਹਿਣ ਲੱਗੇ ਕਿ ਤੁਸੀਂ ਸਾਥੀ ਅਧਿਆਪਕਾਂ ਬਾਰੇ ਕੁੱਝ ਲਿਖ ਕੇ ਲੈ ਕੇ ਆਇਓ। ਮੈਨੂੰ ਨਹੀਂ ਪਤਾ ਉਹ ਰਚਨਾ ਕਿਵੇਂ



ਸੁਖਵਿੰਦਰ ਕੌਰ ਸਿੱਧੂ

ਲਿਖੀ ਗਈ। ਦੋ ਸਤਰਾਂ ਵਿੱਚ ਹੀ ਹਰ ਇੱਕ ਅਧਿਆਪਕ ਪ੍ਰਤੀ ਸਭ ਕੁੱਝ ਬਿਆਨ ਕਰਕੇ ਕਵਿਤਾ ਲਿਖ ਦਿੱਤੀ ਤਾਂ ਉਸ ਕਵਿਤਾ ਦੀ ਸਭ ਨੇ ਰੱਜ ਕੇ ਪ੍ਰਸ਼ੰਸਾ ਕੀਤੀ।

**ਸਵਾਲ- ਸਾਹਿਤਿਕ ਰੁੱਚੀਆਂ ਕਦੋਂ ਅਤੇ ਕਿਵੇਂ ਪੈਦਾ ਹੋਈਆਂ,ਕਿਹੜੀ-ਕਿਹੜੀ ਵਿਧਾ ਤੇ ਕਲਮ ਚਲਾਈ ਅਤੇ ਹੁਣ ਤੱਕ ਦੀਆਂ ਸਾਹਿੱਤਿਕ ਪ੍ਰਾਪਤੀਆਂ ਬਾਰੇ ਚਾਨਣਾ ਪਾਓ ?**

ਜਵਾਬ- ਸਾਹਿਤਕ ਰੁਚੀਆਂ ਤਾਂ ਸ਼ਾਇਦ ਜਨਮ ਤੋਂ ਹੀ ਅੰਦਰ ਹੁੰਦੀਆਂ ਹਨ ਪਰ ਮੇਰੀ ਪਹਿਲੀ ਰਚਨਾ ਸੱਤਵੀਂ ਕਲਾਸ ਦੀ ਬਾਲ-ਸਭਾ ਵਿੱਚ ਸ਼ਹੀਦ ਭਗਤ ਸਿੰਘ ਜੀ ਬਾਰੇ ਲਿਖੀ ਗਈ ਸੀ। ਫਿਰ ਕਾਲਜਾਂ ਦੇ ਮੈਗਜ਼ੀਨਾਂ ਵਿੱਚ ਲਗਾਤਾਰ ਰਚਨਾਵਾਂ ਛਪਦੀਆਂ ਰਹੀਆਂ। ਕਾਵਿ ਵਿਧਾ ਤੋਂ ਸ਼ੁਰੂ ਹੋਈ ਕਲਮ ਬਹੁ-ਵਿਧਾਈ ਹੋ ਗਈ। ਮੇਰੀ ਹਰ ਰਚਨਾ ਆਪਣੀ ਵਿਧਾ ਆਪ ਚੁਣ ਲੈਂਦੀ ਹੈ। ਵੱਖ-ਵੱਖ ਵਿਧਾਵਾਂ ਵਿੱਚ ਮੇਰੀਆਂ ਸੱਤ ਕਿਤਾਬਾਂ ਛਪ ਚੁੱਕੀਆਂ ਹਨ। ਮੇਰੀਆਂ ਕਵਿਤਾਵਾਂ, ਕਹਾਣੀਆਂ,ਗੀਤ, ਬਾਲ ਸਾਹਿਤ ਨਾਮਵਰ ਅਖ਼ਬਾਰਾਂ/ ਰਸਾਲਿਆਂ ਵਿੱਚ ਛਪ ਚੁੱਕੇ ਹਨ ਅਤੇ ਛਪ ਰਹੇ ਹਨ। ਮੇਰੇ ਕੁੱਝ ਗੀਤ ਰਿਕਾਰਡ ਵੀ ਹੋਏ ਹਨ ਅਤੇ ਦੂਰਦਰਸ਼ਨ ਜਲੰਧਰ ਦੇ ਪ੍ਰੋਗਰਾਮਾਂ ਵਿੱਚ ਚੱਲ ਚੁੱਕੇ ਹਨ।

**ਸਵਾਲ- ਔਰਤ ਦੇ ਘਰੇਲੂ ਰੁਝੇਵੇਂ ਵੀ ਬਹੁਤ ਹੁੰਦੇ ਨੇ,ਡਿਊਟੀ ਵੀ ਕਰਨੀ ਹੁੰਦੀ ਹੈ,ਫਿਰ ਸਾਹਿਤ ਟਾਈਮ ਕਿਵੇਂ ਕੱਢਦੇ ਹੋ ?**

ਜਵਾਬ- ਭਲੂਰੀਆ ਵੀਰ ਜੀ ਸਾਹਿਬ ਰਚਣ ਲਈ ਕਿਸੇ ਖਾਸ ਜਾਂ ਵਿਹਲੇ ਸਮੇਂ ਦੀ ਜਰੂਰਤ ਨਹੀਂ ਹੁੰਦੀ। ਸਾਹਿਤ ਤਾਂ ਅਜਿਹਾ ਬੀਜ ਹੈ ਜੋ ਕਦੇ ਔੜ ਵਿੱਚ ਵੀ ਫੁੱਟ ਤੁਰਦਾ ਹੈ ਅਤੇ ਕਦੇ ਹਜ਼ਾਰਾਂ ਕੋਸ਼ਿਸ਼ਾਂ ਦੇ ਬਾਵਜੂਦ ਸਾਉਣ ਵਿੱਚ ਵੀ ਸੋਕਾ ਰਹਿੰਦਾ ਹੈ। ਬਾਕੀ ਮੇਰੇ ਪ੍ਰੀਵਾਰ ਦਾ ਮੈਨੂੰ ਬਹੁਤ ਵੱਡਾ ਸਹਿਯੋਗ ਹੈ। ਮੈਂ ਜੋ ਵੀ ਲਿਖਾਂ ਮੇਰੀ ਹਰ ਰਚਨਾ ਦੇ ਪਹਿਲੇ ਪਾਠਕ,ਸਰੋਤੇ ਅਤੇ ਅਲੋਚਕ ਮੇਰੇ ਪਤੀ ਸ: ਕਰਮਜੀਤ ਸਿੰਘ ਸਿੱਧੂ ਜੀ ਹੁੰਦੇ ਹਨ।

ਸਵਾਲ- ਕੈਨੇਡਾ ਆਉਣ ਦਾ ਸਬੱਬ ਕਿਵੇਂ ਬਣਿਆਂ,ਏਥੇ ਆ ਕੇ ਕਿਵੇਂ ਕੀ ਫ਼ਰਕ ਲੱਗਾ,ਕੀ ਸਾਹਿਤ ਸਿਰਜਣਾ ਜਾਰੀ ਹੈ ?

ਜਵਾਬ- ਕੈਨੇਡਾ ਆਉਣਾ ਸੱਚਮੁੱਚ ਇੱਕ ਅਜਿਹਾ ਸਬੱਬ ਹੈ ਜਿਸ ਦੀ ਮੈਨੂੰ ਵੀ ਅੱਜ ਤੱਕ ਸਮਝ ਨਹੀਂ ਲੱਗਦੀ ਕਿ ਕਿਵੇਂ ਸਾਰਾ ਕੁੱਝ ਹੋਇਆ ਅਤੇ ਮੈਂ ਇਹ ਸਾਰਾ ਕੁੱਝ ਕੁਦਰਤ ਦੀ ਝੋਲੀ ਪਾ ਕੇ ਬੇਫਿਕਰ ਹੋ ਜਾਂਦੀ ਹਾਂ। ਸਮਾਂ ਅਤੇ ਸਥਾਨ ਬਦਲਣ ਨਾਲ ਬਹੁਤ ਕੁੱਝ ਬਦਲ ਜਾਂਦਾ ਹੈ। ਅਜੇ ਇੱਕ ਦਰਖ਼ਤ ਤੋਂ ਉੱਡ ਕੇ ਦੂਜੇ ਦਰਖ਼ਤ ਤੇ ਪੰਜੇ ਮਜ਼ਬੂਤ ਕਰਨ ਦੀ ਕੋਸ਼ਿਸ਼ ਵਿੱਚ ਹਾਂ। ਸਿਰਜਣਾ ਕਦੇ ਵੀ ਮੁੱਕਦੀ ਨਹੀਂ, ਤੁਸੀਂ ਹਰ ਸਮੇਂ ਕੁੱਝ ਨਵਾਂ ਸਿਰਜ ਰਹੇ ਹੁੰਦੇ ਹੋ। ਮੈਂ ਏਥੋਂ ਦੀਆਂ ਸਾਹਿਤਕ ਸਭਾਵਾਂ ਵਿੱਚ ਵੀ ਹਾਜ਼ਰੀ ਭਰਦੀ ਰਹਿੰਦੀ ਹਾਂ ਅਤੇ ਉਨ੍ਹਾਂ ਵਿੱਚ ਇਸ ਤਰ੍ਹਾਂ ਘੁਲਮਿਲ ਗਈ ਹਾਂ ਜਿਵੇ ਸ਼ੁਰੂ ਤੋਂ ਹੀ ਏਥੇ ਰਹਿ ਰਹੀ ਹੋਵਾਂ।

**ਸਵਾਲ- ਤੁਹਾਡੇ ਵਿਦਿਆਰਥੀ ਜੀਵਨ ਅਤੇ ਅੱਜ ਦੇ ਵਿਦਿਆਰਥੀਆਂ ਵਿੱਚ ਕੀ ਅੰਤਰ ਮਹਿਸੂਸ ਕਰਦੇ ਹੋ ?**

ਜਵਾਬ- ਮੇਰੇ ਵਿਦਿਆਰਥੀ ਜੀਵਨ ਵਿੱਚ ਸੀਮਤ ਸਾਧਨਾਂ ਨਾਲ ਅੱਗੇ ਵਧਿਆ ਜਾਂਦਾ ਸੀ, ਮਾਪਿਆਂ ਅਤੇ ਅਧਿਆਪਕ ਦਾ ਸਤਿਕਾਰ ਪ੍ਰਮੁੱਖ ਹੁੰਦਾ ਸੀ। ਅੱਜ ਬਹੁਤੇ ਸਾਧਨਾਂ ਕਾਰਨ ਜਗਿਆਸੂ ਵਿਦਿਆਰਥੀ ਮੱਲਾਂ ਮਾਰ ਸਕਦੇ ਹਨ ਅਤੇ ਇਸ ਦੀ ਯੋਗ ਵਰਤੋਂ ਦੀ ਨਾਸਮਝੀ ਹੋਣ ਕਾਰਨ ਬਹੁਤੇ ਵਿਦਿਆਰਥੀ ਜ਼ਿੰਦਗੀ ਦੇ ਆਦੇਸ਼ ਤੋਂ ਵਾਂਝੇ ਰਹਿ ਰਹਿ ਜਾਂਦੇ ਹਨ।

**ਸਵਾਲ- ਕੀ ਤੁਸੀਂ ਕੈਨੇਡਾ ਵਿੱਚ ਵੀ ਅਧਿਆਪਨ ਕਿੱਤੇ ਨਾਲ ਜੁੜੇ ਹੋਏ ਹੋ ? ਇੱਥੋਂ ਦੇ ਅਤੇ ਭਾਰਤ ਦੇ ਬਚਪਨ ਅਤੇ ਵਿਦਿਆਰਥੀਆਂ ਬਾਰੇ ਕੀ ਫਰਕ ਮਹਿਸੂਸ ਕਰਦੇ ਹੋ ?**

ਜਵਾਬ- ਉਂਝ ਤਾਂ ਇਸ ਦੀ ਤੁਲਨਾ ਨਹੀਂ ਕੀਤੀ ਜਾ ਸਕਦੀ। ਵੱਖਰਾ ਵਿਵਹਾਰ, ਵੱਖਰਾ ਸੱਭਿਆਚਾਰ, ਰਹਿਣ-ਸਹਿਣ, ਸਭ ਕੁੱਝ ਵੱਖਰਾ ਹੈ। ਪ੍ਰੰਤੂ ਏਥੋਂ ਦੇ ਬੱਚਿਆਂ ਵਿੱਚ ਜੋ ਆਤਮ-ਵਿਸ਼ਵਾਸ ਦੀ ਝਲਕ ਮੈਂ ਵੇਖੀ ਹੈ, ਉਸ ਦਾ ਕਾਰਨ ਹੈ ਕਿ ਬੱਚੇ ਨੂੰ ਹਰ ਗੱਲ ਬਚਪਨ ਤੋਂ ਹੀ ਪ੍ਰੈਕਟੀਕਲ ਤੌਰ ਤੇ ਸਮਝਾਈ ਜਾਂਦੀ ਹੈ।

**ਸਵਾਲ- ਸਿੱਖਿਆ ਅਤੇ ਸਾਹਿਤ ਦੇ ਖੇਤਰ ਵਿੱਚ ਤੁਸੀਂ ਤਨੋਂ-ਮਨੋਂ ਕੰਮ ਕੀਤਾ। ਕੀ ਸਰਕਾਰ ਵੱਲੋਂ ਜਾਂ ਹੋਰ ਸੰਸਥਾਵਾਂ ਵੱਲੋਂ ਤੁਹਾਨੂੰ ਬਣਦਾ ਮਾਣ-ਸਤਿਕਾਰ ਮਿਲਿਆ ?**

ਜਵਾਬ- ਵੀਰ ਜੀ ਸਿਖਿਆ ਅਤੇ ਸਾਹਿਤ ਦੇ ਖੇਤਰ ਵਿੱਚ ਕੀਤੇ ਮੇਰੇ ਕੰਮਾਂ ਲਈ ਮਣਾਂਮੂੰਹੀਂ ਮਾਣ-ਸਨਮਾਨ ਮਿਲਿਆ ਹੈ। ਜਿੰਨਾਂ ਵਿੱਚ- ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਪੰਜਾਬ ਵੱਲੋਂ 52 ਕਵੀਆਂ ਦੇ ਕਵਿਤਾ ਮੁਕਾਬਲੇ ਵਿੱਚ, ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਕਦੇ ਵੀ ਨਾ ਭੁੱਲਣ ਵਾਲਾ ਸਨਮਾਨ ਮਿਲਿਆ। ਸ੍ਰੀ ਗੁਰੂ ਨਾਨਕ ਦੇਵ ਦੇ 550 ਸਾਲਾ ਗੁਰਪੁਰਬ ਦੇ ਸਬੰਧ ਵਿੱਚ, ਐਸ.ਜੀ.ਪੀ.ਸੀ, ਵੱਲੋਂ ਕਰਵਾਏ ਚੋਣਵੇਂ ਕਵੀਆਂ ਦੇ ਕਵੀ ਦਰਬਾਰ ਵਿੱਚ, ਸੁਲਤਾਨਪੁਰ ਲੋਧੀ ਵਿਖੇ ਹਾਜ਼ਰੀ ਭਰ ਕੇ ਖੁਦ ਨੂੰ ਤਾਂ ਮਾਣ ਮਹਿਸੂਸ ਹੋਇਆ ਹੀ ਅਤੇ ਐਸ.ਜੀ.ਪੀ.ਸੀ. ਵੱਲੋਂ ਨਗਦ ਰਾਸ਼ੀ ਅਤੇ ਯਾਦਗਾਰੀ ਸਨਮਾਨ ਚਿੰਨ੍ਹ ਬਖਸ਼ ਕੇ ਵੱਡਾ ਮਾਣ ਬਖਸ਼ਿਆ ਗਿਆ। ਗਿਆਨ ਦੀਪ ਸਾਹਿਤ ਸਾਧਨਾ ਮੰਚ (ਰਜਿ:) ਪਟਿਆਲਾ ਵੱਲੋਂ ਕਿਸਾਨੀ ਸੰਘਰਸ਼ ਵਿੱਚ ਪਾਏ ਯੋਗਦਾਨ ਬਦਲੇ 'ਮਲਵੈਣ ਸ਼ੇਰਨੀ' ਐਵਾਰਡ ਭੇਟ ਕਰਕੇ ਮਾਣ ਵਧਾਇਆ ਗਿਆ। ਸਿੱਖਿਆ ਵਿਭਾਗ ਵੱਲੋਂ ਸੱਭਿਆਚਾਰਕ ਗਤੀਵਿਧੀਆਂ ਲਈ ਜ਼ਿਲ੍ਹਾ ਨੋਡਲ ਅਫ਼ਸਰ ਚੁਣਿਆ ਗਿਆ ਅਤੇ ਜ਼ਿਲ੍ਹੇ ਵਿੱਚੋਂ 'ਬੈਸਟ ਟੀਚਰ' ਐਵਾਰਡ ਦਿੱਤਾ ਗਿਆ। ਸੰਨ 2020 ਵਿੱਚ ਅਜ਼ਾਦੀ ਦਿਵਸ 'ਤੇ ਪੰਜਾਬ ਸਰਕਾਰ ਵੱਲੋਂ ਸਿੱਖਿਆ,ਸਹਿਤ ਅਤੇ ਸਮਾਜਸੇਵੀ ਕਾਰਜਾਂ ਲਈ 'ਪ੍ਰਸ਼ੰਸਾ ਪੱਤਰ'ਦੇ ਕੇ ਨਿਵਾਜਿਆ ਗਿਆ। ਸੰਨ 2020 ਵਿੱਚ ਹੀ ਮੇਰੇ ਅਫਸਰਾਂ ਦੇ ਕਹਿਣ ਤੇ 'ਸਟੇਟ ਐਵਾਰਡ' ਲਈ ਕੇਸ ਭੇਜਿਆ ਪਰ ਜੋਰਾਵਰ ਹੱਕ ਮਾਰ ਗਏ,ਜਿਸ ਦਾ ਮੈਨੂੰ ਕੋਈ ਗਿਲਾ ਵੀ ਨਹੀਂ। ਸਿਖਿਆ ਵਿਭਾਗ ਦੇ ਸਕੱਤਰ ਸ੍ਰੀ ਕ੍ਰਿਸ਼ਨ ਕੁਮਾਰ ਜੀ ਨੇ ਆਪਣੇ ਕਰਕਮਲਾਂ ਨਾਲ ਮੇਰੀਆਂ ਗਣਿਤਕ ਬੋਲੀਆਂ ਅਤੇ ਗਣਿਤਕ ਬੁਝਾਰਤਾਂ, ਕਿਤਾਬਾਂ ਲੋਕ ਅਰਪਣ ਕੀਤੀਆਂ ਅਤੇ ਵਿਭਾਗ ਵੱਲੋਂ ਮਾਨਤਾ ਦਿੱਤੀ ਗਈ। ਇਸ ਤੋਂ ਇਲਾਵਾ ਹੋਰ ਅਨੇਕਾਂ ਸੰਸਥਾਵਾਂ ਵੱਲੋ ਮਾਣ-ਸਨਮਾਨ ਦਿੱਤਾ ਗਿਆ ਹੈ। ਸਾਹਿਤ ਦੇ ਪ੍ਰਮੁੱਖ ਮੈਗਜ਼ੀਨ 'ਸੂਲ ਸਰਾਹੀ' ਦੇ ਮੁੱਖ ਪੰਨੇ ਤੇ ਮੇਰੀ ਕਵਿਤਾ 'ਵਣਜਾਰਨ' ਨੂੰ ਥਾਂ ਮਿਲਣੀ ਵੀ ਮੇਰੇ ਲਈ ਵੱਡਾ ਸਨਮਾਨ ਹੀ ਹੈ।

**ਸਵਾਲ-ਸੁਖਵਿੰਦਰ ਭੈਣ ਜੀ ਕੀ ਤੁਸੀਂ ਆਪਣੀ ਜ਼ਿੰਦਗੀ ਤੋਂ ਸੰਤੁਸ਼ਟ ਹੋ,ਸਾਡੇ ਪਾਠਕਾਂ ਲਈ ਕੋਈ ਸੁਨੇਹਾ, ਕੋਈ ਸੁਝਾਅ ?**

ਜਵਾਬ-ਭਲੂਰੀਆ ਵੀਰ ਜੀ ਮੈਂ ਆਪਣੇ ਜੀਵਨ ਤੋਂ ਪੂਰੀ ਤਰ੍ਹਾਂ ਸ਼ੰਤੁਸ਼ਟ ਹਾਂ, ਮੇਰਾ ਸਭ ਲਈ ਇਹੀ ਸੁਨੇਹਾ ਹੈ ਕਿ ਆਪਣੇ ਲਈ ਜੀਓ, ਖੁਸ਼ ਰਹੋ, ਸਮੇਂ ਦੇ ਵਹਾਅ ਮੁਤਾਬਕ ਆਪਣੇ ਆਪ ਨੂੰ ਬਦਲਣ ਨਾਲ ਤੁਸੀਂ ਹਮੇਸ਼ਾ ਖੁਸ਼ ਅਤੇ ਜਵਾਨ ਮਹਿਸੂਸ ਕਰਦੇ ਕਰੋਗੇ। ਆਪਣੀ ਮਾਂ ਬੋਲੀ, ਵਿਰਸੇ-ਵਿਰਾਸਤ ਅਤੇ ਨਿੱਜ ਨੂੰ ਰੱਜ ਕੇ ਪਿਆਰ ਦਿਓ ਅਤੇ ਦੂਜਿਆਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰੋ।

# ਜੂਨ 1984- ਸਾਕਾ ਦਰਬਾਰ ਸਾਹਿਬ : ਕਿਤਾਬਾਂ ਦੀ ਰੌਸ਼ਨੀ ਵਿੱਚ



ਇਕਵਾਕ ਸਿੰਘ ਪੱਟੀ

ਦੋਸਤੋ ! ਪੜ੍ਹਨਾ ਬਹੁਤ ਜ਼ਰੂਰੀ ਹੈ। ਅਸੀਂ ਜੋ ਇਤਿਹਾਸ ਸਿਰਜਿਆ, ਉਸ ਨੂੰ ਕਿਸ ਢੰਗ ਨਾਲ ਲਿਖਿਆ ਜਾਂ ਸਾਂਭਿਆ ਗਿਆ, ਇਹ ਪੜ੍ਹਿਆਂ ਹੀ ਪਤਾ ਲੱਗਦਾ ਹੈ। ਜੋ ਕੌਮਾਂ ਪੜ੍ਹਦੀਆਂ ਹਨ, ਉਹੀ ਅੱਗੇ ਵੱਧਦੀਆਂ ਹਨ। ਜੂਨ 1984 ਇੱਕ ਐਸੀ ਘਟਨਾ ਜਿਸ ਨੇ ਪੰਜਾਬ, ਸਿੱਖ ਮਨੋਵਿਗਿਆਨ ਅਤੇ ਭਾਰਤੀ ਇਤਿਹਾਸ 'ਤੇ ਡੂੰਘਾ ਅਸਰ ਛੱਡਿਆ। ਪਰ ਅੱਜ ਸਭ ਤੋਂ ਵੱਡਾ ਸਵਾਲ ਇਹ ਹੈ ਕੀ ਅਸੀਂ 1984 ਨੂੰ ਸੱਚਮੁੱਚ ਪੜ੍ਹਿਆ ਹੈ ? ਜਾਂ ਸਿਰਫ਼ ਸੁਣੀਆਂ ਸੁਣਾਈਆਂ ਗੱਲਾਂ ਦੇ ਆਧਾਰ 'ਤੇ ਆਪਨੀ ਰਾਇ ਬਣਾਈ ਹੈ ?

ਦੋਸਤੋ ! ਇਸ ਲਿਖਤ ਵਿੱਚ ਕਰਾਂਗੇ ਉਹਨਾਂ 7 ਕਿਤਾਬਾਂ ਬਾਰੇ, ਜੋ ਜੂਨ 1984 ਅਤੇ ਉਸ ਤੋਂ ਪਹਿਲਾਂ ਦੇ ਪੰਜਾਬ ਨੂੰ ਸਮਝਣ ਲਈ ਬਹੁਤ ਜ਼ਰੂਰੀ ਮੰਨੀਆਂ ਜਾਂਦੀਆਂ ਹਨ।

ਚਲੋ ਸ਼ੁਰੂ ਕਰਦੇ ਹਾਂ ਪਹਿਲੀ ਕਿਤਾਬ ਨਾਲ

**1) ਨੀਲੀ ਦਸਤਾਰ ਦੀ ਦਾਸਤਾਨ**

ਜੂਨ 1984 ਨੂੰ ਸਮਝਣ ਤੋਂ ਪਹਿਲਾਂ ਇਹ ਜਾਣਨਾ ਜ਼ਰੂਰੀ ਹੈ ਕਿ ਪੰਜਾਬ ਉਸ ਮੋੜ ਤੱਕ ਪਹੁੰਚਿਆ ਕਿਵੇਂ ਸੀ ਤਾਂ ਇਸ ਸੰਬੰਧੀ ਇਹ ਇੱਕ ਸਵੈ-ਜੀਵਨੀ ਕਿਤਾਬ ਹੈ। ਇਸ ਕਿਤਾਬ ਦੀ ਖ਼ਾਸ ਗੱਲ ਇਹ ਹੈ ਕਿ ਲੇਖਕ ਘਟਨਾਵਾਂ ਨੂੰ ਨਜ਼ਦੀਕੋਂ ਵੇਖਣ ਵਾਲੇ ਵਿਅਕਤੀ ਸਨ। ਜੇ ਤੁਸੀਂ ਜਾਣਨਾ ਚਾਹੁੰਦੇ ਹੋ ਕਿ 1984 ਤੋਂ ਪਹਿਲਾਂ ਹੌਲੀ-ਹੌਲੀ ਮਾਹੌਲ ਕਿਵੇਂ ਤਣਾਅਪੂਰਨ ਬਣਿਆ, ਤਾਂ ਇਹ ਕਿਤਾਬ ਜ਼ਰੂਰ ਪੜ੍ਹੋ। ਇਸ ਕਿਤਾਬ ਦੇ 256 ਪੰਨੇ ਅਤੇ 10 ਅਧਿਆਏ ਹਨ। ਇਹ ਤੀਜੀ ਵਾਰ ਛੱਪ ਚੁੱਕੀ ਹੈ ਅਤੇ ਇਸ ਨੂੰ ਸਿੰਘ ਬ੍ਰਦਰਜ਼ ਵੱਲੋਂ ਛਾਪਿਆ ਗਿਆ ਹੈ।

ਸਾਕਾ ਨਨਕਾਣਾ ਸਾਹਿਬ ਵੇਲ਼ੇ ਸਿੱਖਾਂ 'ਤੇ ਹੋਏ ਜ਼ੁਲਮਾਂ ਤੋਂ ਸ਼ੁਰੂ ਹੋ ਕੇ ਪੰਜਾਬੀ ਸੂਬੇ ਦਾ ਸੰਘਰਸ਼ ਅਤੇ ਧਰਮ ਯੁੱਧ ਮੋਰਚੇ ਤੋਂ ਲੈ ਜੂਨ 1984 ਦਾ ਸਾਕਾ ਅਤੇ ਨਵੰਬਰ 1984 ਦੇ ਸਿੱਖ ਕਤਲੇਆਮ ਸਮੇਤ 1992 ਦੇ ਗਵਰਨਰੀ ਰਾਜ ਤੱਕ ਦਾ ਹਾਲ ਇਸ ਕਿਤਾਬ ਵਿੱਚ ਲਿਖਿਆ ਪਿਆ ਹੈ।

ਇਸ ਕਿਤਾਬ ਵਿੱਚ ਲਿਖੀ ਇੱਕ ਗੱਲ ਹੀ ਤੁਹਾਨੂੰ ਖਿੱਚ ਪਾਵੇਗੀ ਕਿ ਕਿਉਂ ਨਾ ਕਿਤਾਬ ਪੂਰੀ ਪੜ੍ਹੀ ਜਾਵੇ ? ਲਿਖਤ ਇੰਝ ਹੈ ਕਿ, 'ਕੌਣ ਕਹਿੰਦਾ ਹੈ ਕਿ ਪੰਜਾਬੀ ਸੂਬਾ ਬਣਿਆ ਹੈ, ਬਣਿਆ ਹਰਿਆਣਾ ਹੈ, ਸੰਵਰਿਆ ਹਿਮਾਚਲ ਹੈ, ਖੋਹਿਆ ਚੰਡੀਗੜ੍ਹ ਹੈ ਤੇ ਕਬਜ਼ਾ ਕੀਤਾ ਹੈ ਪੰਜਾਬ ਦੇ ਪਾਣੀਆਂ ਤੇ, ਬਿਜਲੀ 'ਤੇ, ਪੰਜਾਬ ਤਾਂ ਦਿੱਲੀ ਦੀ ਕਲੋਨੀ ਹੈ। ਸਦੀਵੀ ਅਮਨ ਤਾਂ ਪੰਜਾਬ ਦੀਆਂ ਸੰਵਿਧਾਨਕ ਮੰਗਾਂ ਮੰਨਣ ਨਾਲ ਹੀ ਹੋ ਸਕਦਾ ਹੈ।'

ਇਸ ਕਿਤਾਬ ਦਾ ਨਾਂ ਹੈ 'ਨੀਲੀ ਦਸਤਾਰ ਦੀ ਦਾਸਤਾਨ', ਅਤੇ ਇਹ ਗਿਆਨੀ ਲਾਲ ਸਿੰਘ ਗੁਜਰਾਂਵਾਲੀਆ ਦੀ ਸਵੈਜੀਵਨੀ ਮੂਲਕ ਕਿਤਾਬ ਹੈ।

ਚੇਤੇ ਰਹੇ ਕਿ ਇਤਿਹਾਸ ਨੂੰ ਸਮਝਣ ਲਈ ਪੜ੍ਹਨਾ ਜ਼ਰੂਰੀ ਹੈ।

**2) ਭਿੰਡਰਾਂ ਵਾਲੇ**

ਕੀ ਤੁਸੀਂ ਜਾਣਦੇ ਹੋ ਕਿ ਇਹ ਸੰਤ ਭਿੰਡਰਾਂਵਾਲਿਆਂ 'ਤੇ ਇੱਕ ਕਿਤਾਬ ਉਹਨਾਂ ਦੇ ਜਿਉਂਦੇ ਜੀਅ ਹੀ ਛਪ ਚੁੱਕੀ ਸੀ ? ਇਹ ਕਿਤਾਬ ਸੰਨ 1983 ਵਿੱਚ ਇਹ ਕਿਤਾਬ ਦੋ ਵਾਰ ਛਪੀ ਸੀ। ਇੱਥੇ ਇਸੇ ਬਾਰੇ ਗੱਲ ਕਰਾਂਗੇ, ਇਸ ਕਿਤਾਬ ਨੂੰ ਉਸ ਵੇਲ਼ੇ ਦਾ ਮਹੱਤਵਪੂਰਨ ਦਸਤਾਵੇਜ਼ ਮੰਨਿਆ ਜਾ ਸਕਦਾ ਹੈ। ਇਸ ਵਿੱਚ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਦੇ ਵਿਚਾਰ, ਪੰਜਾਬ ਦੇ ਹਾਲਾਤ ਅਤੇ ਉਸ ਸਮੇਂ ਦੀ ਰਾਜਨੀਤਿਕ ਹਕੀਕਤ ਨੂੰ ਦਰਸਾਇਆ ਗਿਆ ਹੈ। 5 ਹਿੱਸਿਆਂ ਵਿੱਚ ਵੰਡੀ ਇਸ ਕਿਤਾਬ ਦੇ 20 ਅਧਿਆਏ ਹਨ ਅਤੇ 280 ਪੰਨੇ ਹਨ। ਇਹ ਕਿਤਾਬ ਸਮਰਪਤ ਹੈ 'ਉਹਨਾਂ ਸਿੰਘਾਂ ਨੂੰ ਜਿਨ੍ਹਾਂ ਨੇ ਧਰਮ ਹਿੱਤ ਸੀਸ ਦਿੱਤੇ' ਸਤੰਬਰ 2024 ਵਿੱਚ ਇਸ ਤੀਜਾ, ਸੋਧਿਆ ਅਤੇ ਵਾਧੇ ਵਾਲਾ ਅਡੀਸ਼ਨ ਸਿੰਘ ਬ੍ਰਦਰਜ਼ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਕੇਵਲ ਇਸ਼ਾਰਾ ਮਾਤਰ ਇਸ ਕਿਤਾਬ ਵਿੱਚ ਦੋ ਅੱਖਰ ਸਾਂਝੇ ਕਰਾਂ ਤਾਂ ਕਿਤਾਬ ਦੇ ਅਰੰਭ ਵਿੱਚ ਦਰਜ ਹੈ, 'ਭਿੰਡਰਾਂ ਵਾਲਾ ਦਰਬਾਰਾ ਸਿੰਘ ਦਾ ਏਜੰਟ ਹੈ ? ਜਾਂ ਗਿਆਨੀ ਜ਼ੈਲ ਸਿੰਘ ਦਾ ਏਜੰਟ ਹੈ ? ਜਾਂ ਫਿਰ ਉਹ ਜਥੇਦਾਰ ਜਗਦੇਵ ਸਿੰਘ ਤਲਵੰਡੀ ਦਾ ਏਜੰਟ ਹੈ ? ਕੀ ਭਿੰਡਰਾਂਵਾਲਾ ਅੱਤਵਾਦੀ ਹੈ, ਜਾਂ ਫਿਰ ਨਿਰੰਕਾਰੀ ਬਾਬੇ, ਲਾਲਾ ਜਗਤ ਨਰਾਇਣ ਅਤੇ ਪੰਜਾਬ ਵਿੱਚ ਹੋਰ ਕਤਲਾਂ ਲਈ ਜ਼ਿੰਮੇਵਾਰ ਹੈ ?'

ਇਹਨਾਂ ਸਭ ਸਵਾਲਾਂ ਦੇ ਜਵਾਬ ਨਿਰਪੱਖਤਾ ਨਾਲ ਪ੍ਰਸਿੱਧ ਪੱਤਰਕਾਰ ਸਤਿੰਦਰਪਾਲ ਸਿੰਘ ਕਪੂਰ ਨੇ ਇਸ ਕਿਤਾਬ ਵਿੱਚ ਦਿੱਤੇ ਹਨ। ਕਿਤਾਬ ਦਾ ਨਾਂ ਹੈ 'ਭਿੰਡਰਾਂ ਵਾਲ਼ੇ'

ਇਸ ਕਿਤਾਬ ਨੂੰ ਪੜ੍ਹਦੇ ਸਮੇਂ ਇੱਕ ਗਲ ਬਹੁਤ ਸਪਸ਼ਟ ਹੁੰਦੀ ਹੈ — ਇਤਿਹਾਸ ਨੂੰ ਇਕ ਪੱਖ ਤੋਂ ਨਹੀਂ ਸਮਝਿਆ ਜਾ ਸਕਦਾ।

ਖ਼ੈਰ ! ਤੁਹਾਡੇ ਅਨੁਸਾਰ ਇਤਿਹਾਸ ਨੂੰ ਸਮਝਣ ਲਈ ਸਭ ਤੋਂ ਜ਼ਰੂਰੀ ਚੀਜ਼ ਕੀ ਹੈ — ਕਿਤਾਬਾਂ ਜਾਂ ਮੀਡੀਆ ?

**3) ਡਾਇਰੀ ਦੇ ਪੰਨੇ**

ਜੇ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਜੂਨ 1984 ਵਿੱਚ ਦਿਨ-ਬ-ਦਿਨ ਕੀ ਵਾਪਰਿਆ, ਤਾਂ ਇਹ ਕਿਤਾਬ ਬੇਹੱਦ ਜ਼ਰੂਰੀ ਹੈ। ਹੁਣ ਚਰਚਾ ਕਰਦੇ ਹਾਂ ਤੀਜੀ ਕਿਤਾਬ ਬਾਰੇ ! 'ਇਹ ਕਿਤਾਬ ਸਮਰਪਤ ਹੈ 'ਉਹਨਾਂ ਸਮੂਹ ਸ਼ਹੀਦਾਂ ਨੂੰ ਜੋ ਫ਼ੌਜੀ ਹਮਲੇ ਦਾ ਸੂਰਬੀਰਤਾ ਨਾਲ ਮੁਕਾਬਲਾ ਕਰਦੇ ਅਤੇ ਵਹਿਸ਼ੀਆਨਾ ਫ਼ੌਜੀ ਜ਼ੁਲਮ ਤੇ ਤਸ਼ੱਦਦ ਸਹਾਰਦੇ ਹੋਏ ਅਦੁੱਤੀ ਸ਼ਹੀਦੀਆਂ ਪ੍ਰਾਪਤ ਕਰ ਗਏ' ਇਹ ਦੋ ਹਿੱਸਿਆਂ ਵਿੱਚ ਵੰਡੀ ਹੋਈ ਕਿਤਾਬ ਹੈ, ਜਿਸਦੇ ਪਹਿਲੇ ਹਿੱਸੇ ਵਿੱਚ 1 ਜੂਨ ਤੋਂ 30 ਜੂਨ 1984 ਤੱਕ ਦਾ ਰੋਜ਼ਾਨਾ ਦਾ ਹਾਲ ਲਿਖਿਆ ਗਿਆ ਅਤੇ ਦੂਜੇ ਹਿੱਸੇ ਵਿੱਚ ਹੈੱਡ ਗ੍ਰੰਥੀ ਗਿ. ਸਾਹਿਬ ਸਿੰਘ ਅਤੇ ਗਿ. ਪ੍ਰੀਤਮ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਲੌਂਗੋਵਾਲ, ਸ਼੍ਰੋਮਣੀ ਕਮੇਟੀ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਅਤੇ ਰਾਸ਼ਟਰਪਤੀ ਗਿ. ਜ਼ੈਲ ਨਾਲ ਕੀਤੀ ਮੁਲਾਕਾਤ ਦੇ ਅੰਸ਼ ਹਨ। ਇਸ ਤੋਂ ਇਲਾਵਾ ਫ਼ੌਜ ਵੱਲੋਂ ਕੀਤੀ ਗਈ ਲੁੱਟ ਬਾਰੇ ਦਸਤਾਵੇਜ਼ ਅਤੇ ਅੰਤਿਕਾ ਵਿੱਚ ਟੌਹੜਾ ਵੱਲੋਂ ਇੰਦਰਾ ਗਾਂਧੀ ਨੂੰ ਲਿਖਿਆ ਪੱਤਰ ਸ਼ਾਮਲ ਹੈ।


ਇਸ ਕਿਤਾਬ ਦੇ 176 ਪੰਨੇ ਹਨ ਅਤੇ ਦੋ ਅਡੀਸ਼ਨ ਛੱਪ ਚੁੱਕੇ ਹਨ, ਜਿਸ ਨੂੰ ਨਾਨਕ ਸਿੰਘ ਪੁਸਤਕਮਾਲਾ ਵਲੋਂ ਛਾਪਿਆ ਗਿਆ ਹੈ। ਇਹ ਕਿਤਾਬ ਇੱਕ ਟਾਈਮਲਾਈਨ ਵਾਂਗ ਕੰਮ ਕਰਦੀ ਹੈ। ਇਸ ਕਿਤਾਬ ਦਾ ਨਾਂ ਹੈ 'ਸ੍ਰੀ ਦਰਬਾਰ ਸਾਹਿਬ 'ਤੇ ਫ਼ੌਜੀ ਹਮਲੇ ਬਾਰੇ ਡਾਇਰੀ ਦੇ ਪੰਨੇ, ਅਤੇ ਇਸ ਦੇ ਲੇਖਕ ਹਨ ਹਰਬੀਰ ਸਿੰਘ ਭੰਵਰ ਇਸ ਕਿਤਾਬ ਨੂੰ ਪੜ੍ਹਦੇ ਸਮੇਂ ਅਹਿਸਾਸ ਹੁੰਦਾ ਹੈ ਕਿ ਉਸ ਵੇਲੇ ਪੰਜਾਬ ਅਤੇ ਸਿੱਖ ਮਨੋਵਿਗਿਆਨ ਤੇ ਕੀ ਬੀਤ ਰਹੀ ਸੀ ?

**4) ਨੇੜਿਉਂ ਡਿੱਠੇ ਸੰਤ ਭਿੰਡਰਾਂਵਲੇ**

ਜਦੋਂ ਕੋਈ ਵਿਅਕਤੀ ਇਤਿਹਾਸ ਨੂੰ ਦੂਰੋਂ ਨਹੀਂ, ਨੇੜਿਓਂ ਵੇਖਦਾ ਹੈ ਤਾਂ ਲਿਖਤ ਦਾ ਰੰਗ ਹੀ ਵੱਖਰਾ ਹੁੰਦਾ ਹੈ। ਇਹ ਕਿਤਾਬ 'ਮੇਰੀ ਹੱਡ-ਬੀਤੀ ਅਤੇ ਜਗ-ਬੀਤੀ' ਦੇ ਅੰਦਾਜ਼ ਵਿੱਚ ਲਿਖੀ ਗਈ ਹੈ। ਲੇਖਕ ਨੇ ਇਹ ਕਿਤਾਬ ਅਣਪਛਾਤੀਆਂ ਲਾਸ਼ਾਂ ਨੂੰ ਸਮਰਪਤ ਕੀਤੀ ਹੈ। ਪਹਿਲੀ ਵਾਰ 2000 ਸੰਨ ਵਿੱਚ ਪ੍ਰਕਾਸ਼ਿਤ ਹੋਈ ਸੀ, ਜੋ ਮਈ 2024 ਤੱਕ ਗਿਆਰਾਂ ਅਡੀਸ਼ਨ ਛੱਪ ਚੁੱਕੇ ਹਨ। ਇਹ 480 ਪੰਨਿਆਂ ਦੀ ਕਿਤਾਬ ਹੈ, ਇਸ ਕਿਤਾਬ ਵਿੱਚ ਕਈ ਗੁਪਤ ਚਿੱਠੀਆਂ ਵੀ ਛਪੀਆਂ ਹੋਈਆਂ ਹਨ। ਇਸ ਤੋਂ ਇਲਾਵਾ ਜੂਨ 1984 ਤੋਂ ਬਾਅਦ ਸਾਲ 1999 ਤੱਕ ਦਾ ਅਹਿਮ ਘਟਨਾਕ੍ਰਮ ਇਸ ਕਿਤਾਬ ਵਿੱਚ ਸ਼ਾਮਲ ਹੈ। ਇਸ ਵਿੱਚ ਸਿਰਫ਼ ਰਾਜਨੀਤੀ ਨਹੀਂ, ਸਗੋਂ ਸੰਤ ਜੀ ਦੇ ਸੁਭਾਅ, ਰੋਜ਼ਨਾਮਚਾ, ਅਤੇ ਲੋਕਾਂ ਨਾਲ ਸਬੰਧਾਂ ਦੀ ਵੀ ਚਰਚਾ ਮਿਲਦੀ ਹੈ। ਇਸਦੇ ਅਰੰਭਲੇ ਲੇਖ ਲੰਮੇਰੇ ਹਨ, ਪਰ ਫਿਰ ਛੋਟੇ ਲੇਖ ਵੱਖ-ਵੱਖ ਵਿਸ਼ਿਆਂ ਨਾਲ ਜੁੜੇ ਹੋਏ ਹਨ। ਬਹੁਤ ਸਾਰੀਆਂ ਹੱਡੀਂ ਹੰਡਾਈਆਂ ਗੱਲਾਂ ਅਤੇ ਜੱਗ-ਬੀਤੀਆਂ ਪਾਠਕ ਨੂੰ ਝੰਜੋਤ ਦਿੰਦੀਆਂ ਹਨ। ਉਸ ਵੇਲੇ ਦੇ ਵਰਤਾਰੇ ਦੇ ਦ੍ਰਿਸ਼ ਅੱਖਾਂ ਸਾਹਵੇਂ ਸਾਕਾਰ ਹੋ ਜਾਂਦੇ ਹਨ। ਇਸ ਕਿਤਾਬ ਦਾ ਨਾਂ ਹੈ 'ਨੇੜਿਉਂ ਡਿੱਠੇ ਸੰਤ ਭਿੰਡਰਾਂਵਲੇ' ਅਤੇ ਲੇਖਕ ਹਨ ਦਲਬੀਰ ਸਿੰਘ ਪੱਤਰਕਾਰ।

ਚੇਤੇ ਰਹੇ ਕਿ ਕਈ ਵਾਰ ਇਤਹਿਾਸ ਨੂੰ ਸਮਝਣ ਲਈ ਸਰਕਾਰੀ ਦਸਤਾਵੇਜ਼ਾਂ ਨਾਲੋਂ ਚਸ਼ਮਦੀਦ ਗਵਾਹ ਜ਼ਿਆਦਾ ਪ੍ਰਭਾਵਸ਼ਾਲੀ ਸਾਤਬਤ ਹੁੰਦੇ ਹਨ ਅਤੇ ਹਰ ਇਤਿਹਾਸਕ ਵਿਅਕਤੀ ਨੂੰ ਸਮਝਣ ਲਈ ਉਸ ਦੇ ਨੇੜਲੇ ਲੋਕਾਂ ਦੀ ਗਵਾਹੀ ਵੀ ਮਹੱਤਵ ਰੱਖਦੀ ਹੈ

**5) ਸੰਤ ਭਿੰਡਰਾਂਵਾਲੇ ਦੇ ਰੂ-ਬਰੂ ਜੂਨ 84 ਦੀ ਪੱਤਰਕਾਰੀ**




ਸਭ ਤੋਂ ਪਹਿਲਾ ਸਵਾਲ ਤਾਂ ਇਹ ਹੈ ਕਿ, ਕੀ 1984 ਦੇ ਦੌਰਾਨ ਮਡਿੀਆ ਨੇ ਸਭ ਕੁਝ ਉਹੀ ਦਿਖਾਇਆ ਜੋ ਅਸਲ ਵਿੱਚ ਹੋ ਰਿਹਾ ਸੀ ? ਇਹ ਬਹੁਤ ਹੀ ਦਿਲਚਸਪ ਅਤ ਮਹੱਤਵਪੂਰਨ ਕਿਤਾਬ ਹੈ। ਇਹ ਚੌਥੀ ਵਾਰ ਫਰਵਰੀ 2025 ਵਿੱਚ ਪ੍ਰਕਾਸ਼ਿਤ ਹੋ ਚੁੱਕੀ ਹੈ, ਜਿਸ ਨੂੰ ਸਿੰਘ ਬ੍ਰਦਰਜ਼ ਅੰਮ੍ਰਿਤਸਰ ਵਾਲ਼ਿਆਂ ਨੇ ਛਾਪਿਆ ਹੈ। ਇਹ ਕਿਤਾਬ 'ਜੂਨ 1984 ਚ ਸ੍ਰੀ ਦਰਬਾਰ ਸਾਹਿਬ ਉੱਤੇ ਹੋਏ ਫ਼ੌਜੀ ਹਮਲੇ ਦੌਰਾਨ ਸ਼ਹੀਦ ਬੱਚੇ, ਸਿੰਘ-ਸਿੰਘਣੀਆਂ ਨੂੰ ਸਮਰਪਤ ਹੈ।'

ਇਸ ਕਿਤਾਬ ਦਾ ਲੇਖਕ ਉਸ ਸਮੇਂ ਦੌਰਾਨ ਯੂ.ਐੱਨ.ਆਈ ਦਾ ਪੱਤਰਕਾਰ ਸੀ ਅਤੇ ਅੰਮ੍ਰਿਤਸਰ ਵਿੱਚ ਵਾਪਰ ਰਹੀਆਂ ਘਟਨਾਵਾਂ ਦਾ ਚਸ਼ਮਦੀਦ ਗਵਾਹ ਵੀ। ਉਸਨੇ ਜੋ ਦੇਖਿਆ, ਹੰਡਾਇਆ ਅਤੇ ਮਹਿਸੂਸ ਕੀਤਾ, ਉਸ ਦੀ ਹੂਬਹੂ ਪੇਸ਼ਕਾਰੀ ਕੀਤੀ ਹੈ। ਕਰੀਬ 408 ਪੰਨਿਆਂ ਦੀ ਇਸ ਕਿਤਾਬ ਦੇ ਕੁੱਲ 5 ਕਾਂਡ ਹਨ ਅਤੇ 6 ਦੇ ਕਰੀਬ ਅੰਤਿਕਾਵਾਂ ਰਾਹੀਂ ਇਸ ਨੂੰ ਘੱਲੂਘਾਰੇ ਦਾ ਇੱਕ ਅਹਿਮ ਦਸਤਾਵੇਜ਼ ਬਣਾ ਦਿੱਤਾ ਹੈ, ਉਥੇ ਮੀਡੀਆ/ਅਖ਼ਬਾਰਾਂ ਵੱਲੋਂ ਘੜੇ ਗਏ ਜਾਂ ਘੜੇ ਰਹੇ ਬ੍ਰਿਤਾਂਤ ਨੂੰ ਹੂ-ਬਹੂ ਪੇਸ਼ ਕੀਤਾ ਹੈ।

ਦੋਸਤੋ ! ਇਸ ਕਿਤਾਬ ਦਾ ਨਾਂ ਹੈ 'ਸੰਤ ਭਿੰਡਰਾਂਵਾਲੇ ਦੇ ਰੂ-ਬਰੂ ਜੂਨ 84 ਦੀ ਪੱਤਰਕਾਰੀ' ਅਤੇ ਲੇਖਕ ਹੈ ਸ੍ਰ. ਜਸਪਾਲ ਸਿੰਘ ਸਿੱਧੂ'। ਜੂਨ 84 ਦੀ ਪੱਤਰਕਾਰੀ ਇੱਕ ਬਹੁਤ ਦਿਲਚਸਪ ਅਤੇ ਮਹੱਤਵਪੂਰਨ ਕਿਤਾਬ ਹੈ।

ਇਸ ਕਿਤਾਬ ਰਾਹੀਂ ਉਸ ਸਮੇਂ ਦੀ ਪੱਤਰਕਾਰੀ, ਖ਼ਬਰਾਂ ਦੇ ਸਿਰਲੇਖਾਂ ਅਤੇ ਮੀਡੀਆਂ ਦੇ ਬ੍ਰਿਤਾਂਤ ਬਾਰੇ ਸਮਝ ਆਉਂਦੀ ਹੈ। ਇਸ ਨੂੰ ਪੜ੍ਹ ਕੇ ਸਮਝ ਆਉਂਦੀ ਹੈ ਕਿ ਇੱਕੋ ਘਟਨਾ ਨੂੰ ਵੱਖ-ਵੱਖ ਅਖ਼ਬਾਰਾਂ ਅਤੇ ਪੱਤਰਕਾਰਾਂ ਨੇ ਕਿਵੇਂ ਪੇਸ਼ ਕੀਤਾ। ਚੇਤੇ ਰਹੇ ਕਿ ਸਿਰਫ਼ ਇਤਿਹਾਸ ਨਹੀਂ ਇਤਿਹਾਸ ਨੂੰ ਦਿਖਾਉਣ ਵਾਲਾ ਲੈਂਸ ਵੀ ਸਮਝਣਾ ਪੈਂਦਾ ਹੈ।

**6) 1984 ਅਣਚਿਤਵਿਆ ਕਹਿਰ - ਨਾ ਮੰਨਣਯੋਗ, ਨਾ ਭੁੱਲਣਯੋਗ ਅਤੇ ਨਾ ਬਖ਼ਸ਼ਣਯੋਗ**

ਕਈ ਵਾਰ ਇਤਿਹਾਸ ਸਿਰਫ਼ ਇੱਕ ਘਟਨਾ ਨਹੀਂ ਹੁੰਦਾ, ਬਲਕਿ ਇੱਕ ਪੂਰਾ ਜਜ਼ਬਾਤੀ ਅਤੇ ਰਾਜਨੀਤਿਕ ਜ਼ਖ਼ਮ ਹੁੰਦਾ ਹੈ। ਅੱਗੇ 6ਵੇਂ ਨੰਬਰ 'ਤੇ ਮੈਂ ਗੱਲ ਕਰਨ ਲੱਗਾ ਹੈ ਇੱਕ ਅਜਿਹੀ ਕਿਤਾਬ ਦੀ, ਜਿਸ ਵਿੱਚ ਬਹੁਤ ਵਿਸਥਾਰ ਨਾਲ ਉਸ ਸਮੇਂ ਦੇ ਸਿਆਸੀ, ਧਾਰਮਿਕ ਅਤੇ ਸਮਾਜਿਕ ਪ੍ਰਸੰਗਾਂ ਉੱਤੇ ਚਰਚਾ ਕੀਤੀ ਗਈ ਹੈ। ਇਸ ਵਿੱਚ ਸਰਕਾਰੀ ਨੀਤੀਆਂ, ਸਿੱਖ ਮਨੋਵਿਗਆਨ ਅਤੇ ਸ਼ਹੀਦੀ ਪ੍ਰੰਪਰਾ ਉੱਤੇ ਡੂੰਘੀ ਵਿਚਾਰ ਕੀਤੀ ਹੋਈ ਹੈ। ਇਸ ਕਿਤਾਬ ਨੂੰ ਪੜ੍ਹਦਿਆਂ ਅਹਿਸਾਸ ਹੁੰਦਾ ਹੈ ਕਿ ਸੰਨ 1984 ਸਿਰਫ਼ ਇੱਕ ਤਰੀਖ ਨਹੀਂ ਹੈ।

432 ਸਫ਼ਿਆਂ ਦੇ ਇਸ ਕਿਤਾਬ ਵਿੱਚ ਕੁੱਲ 12 ਅਧਿਆਏ ਅਤੇ ਅੱਗੋਂ ਉਹਨਾਂ ਦੇ ਮਿਲਾ ਕੇ ਕੁੱਲ 77 ਛੋਟੇ-ਵੱਡੇ ਅਧਿਆਏ ਹਨ, ਜੋ ਬੜੀ ਬਾਰੀਕਬੀਨੀ ਨਾਲ ਉਸ ਵੇਲ਼ੇ ਦੇ ਅਤੇ ਉਸ ਤੋਂ ਬਾਅਦ ਦੇ ਘਟਨਾਕ੍ਰਮ ਨੂੰ ਵੀ ਪੇਸ਼ ਕਰਦੇ ਹਨ। ਜੂਨ 1984 ਤੋਂ ਨਵੰਬਰ 1984 ਤੱਕ ਦੀਆਂ ਘਟਨਾਵਾਂ ਅਤੇ ਉਸ ਨਾਲ ਸਬੰਧਿਤ ਧਾਰਮਿਕ ਅਤੇ ਸਿਆਸੀ ਸਮੀਕਰਨਾਂ 'ਤੇ ਬੜੀ ਬੇਬਾਕੀ ਨਾਲ ਟਿੱਪਣੀਆਂ ਕੀਤੀਆਂ ਗਈਆਂ ਹਨ।

ਇਸ ਕਿਤਾਬ ਦਾ ਨਾਮ ਹੈ - 1984 ਅਣਚਿਤਵਿਆ ਕਹਿਰ - ਨਾ ਮੰਨਣਯੋਗ, ਨਾ ਭੁੱਲਣਯੋਗ ਅਤੇ ਨਾ ਬਖ਼ਸ਼ਣਯੋਗ ਅਤੇ ਲੇਖਕ ਹੈ ਸ੍ਰ.ਅਜਮੇਰ ਸਿੰਘ ਜੀ ਕਿਤਾਬ ਦੇ ਪ੍ਰਕਾਸ਼ਕ ਹਨ, ਸਿੰਘ ਬ੍ਰਦਰਜ਼ ਅੰਮ੍ਰਿਤਸਰ ਵਾਲੇ। ਇਸ ਕਿਤਾਬ ਨੂੰ ਪੜ੍ਹਦੇ ਸਮੇਂ ਆਪਣਾ ਪਇਰਸਪਇਚਟਿਵਇ ਬਣਾਉਣਾ ਬਹੁਤ ਜ਼ਰੂਰੀ ਹੈ।

**7) ਕਿਉਂ ਕੀਤੋ ਵੇਸਾਹੁ ?**

ਛੋਟੀ ਕਿਤਾਬ ਪਰ ਵੱਡੇ ਖੜ੍ਹੇ ਕਰਦੀ ਹੈ ਸਵਾਲ।

ਜਿਸ ਕਿਤਾਬ ਦੀ ਮੈਂ ਅੱਜ ਗੱਲ ਕਰਨ ਲੱਗਾ ਹਾਂ ਭਾਵੇਂ ਇਹ ਕਿਤਾਬ ਆਕਾਰ ਵਿੱਚ ਛੋਟੀ ਹੈ, ਪਰ ਇਸ ਵਿੱਚ ਪੰਜਾਬ, ਸਿੱਖ ਮੰਗਾਂ ਅਤੇ ਇਤਿਹਾਸਕ ਘਟਨਾਵਾਂ ਬਾਰੇ ਬਹੁਤ ਡੂੰਘੀ ਸੋਚ ਮਿਲਦੀ ਹੈ। ਲੇਖਕ ਨੇ 1947 ਦਾ ਬਟਵਾਰਾ ਵੀ ਆਪਣੀਆਂ ਅੱਖਾਂ ਨਾਲ ਵੇਖਿਆ ਸੀ, ਜਿਸ ਕਰਕੇ ਉਹਨਾਂ ਦੀ ਲਿਖਤ ਵਿੱਚ ਤਜਰਬੇ ਦੀ ਗਹਿਰਾਈ ਮਹਿਸੂਸ ਹੁੰਦੀ ਹੈ। 192 ਸਫ਼ਿਆਂ ਦੀ ਇਸ ਕਿਤਾਬ ਦੇ ਕੇਵਲ ਚਾਰ ਅਧਿਆਏ ਹਨ ਜਿਨ੍ਹਾਂ ਰਾਹੀਂ ਪਤਾ ਲੱਗਦਾ ਹੈ ਕਿ:

ਸਿੱਖਾਂ ਨਾਲ ਜੋ ਬੀਤੀ 1947 ਤੋਂ ਪਹਿਲਾਂ ਅਤੇ ਪਿੱਛੋਂ

ਸਿੱਖਾਂ ਨਾਲ ਜੋ ਬੀਤੀ ਜੂਨ 1984 ਅੰਮ੍ਰਿਤਸਰ ਦੇ ਘੱਲੂਘਾਰੇ ਸਮੇਂ

ਸਿੱਖਾਂ ਨਾਲ ਜੋ ਬੀਤੀ ਇੰਦਰਾ ਗਾਂਧੀ ਦੇ ਕਤਲ ਪਿੱਛੋਂ

ਪੰਜਾਬ ਅਤੇ ਭਾਰਤ ਵਿੱਚ ਸਿੱਖਾਂ ਦੀ ਮੌਜੂਦਾ ਸਥਿਤੀ

ਕਈ ਵਾਰੀ ਛੋਟੀਆਂ ਕਿਤਾਬਾਂ ਸਭ ਤੋਂ ਵੱਡਾ ਅਸਰ ਛੱਡ ਜਾਂਦੀਆਂ ਹਨ

ਇਸ ਕਿਤਾਬ ਦਾ ਨਾਂ ਹੈ, 'ਕਿਉਂ ਕੀਤੋ ਵੇਸਾਹੁ ? ਜੋ ਨਰੈਣ ਸਿੰਘ ਵੱਲੋਂ ਲਿਖੀ ਗਈ ਹੈ ਅਤੇ ਦਸੰਬਰ 2022 ਤੱਕ 11 ਵਾਰ ਛੱਪ ਚੁੱਕੀ ਹੈ ਇਸ ਦੇ ਪ੍ਰਕਾਸ਼ਕ ਹਨ ਸਿੰਘ ਬ੍ਰਦਰਜ਼ ਅੰਮ੍ਰਿਤਸਰ ਵਾਲੇ

ਉਪਰੋਕਤ ਜਾਣਕਾਰੀ ਸਾਂਝੀ ਕਰਨ ਦਾ ਮਕਸਦ ਸਿਰਫ਼ ਇਹ ਸੀ ਕਿ ਅਸੀਂ ਇਤਿਹਾਸ ਨੂੰ ਪੜ੍ਹੀਏ, ਸਮਝੀਏ ਅਤੇ ਫਿਰ ਆਪਣੀ ਸੋਚ ਬਣਾਈਏ।

ਕਿਉਂਕਿ ਇਤਿਹਾਸ ਨੂੰ ਸਮਝਣ ਲਈ ਸਿਰਫ਼ ਮੀਡੀਆ ਜਾਂ ਸੋਸ਼ਲ ਮੀਡੀਆਂ ਪੋਸਟਾਂ ਹੀ ਕਾਫ਼ੀ ਨਹੀਂ ਹੁੰਦੀਆਂ, ਕਿਤਾਬਾਂ ਪੜ੍ਹਨੀਆਂ ਪੈਂਦੀਆਂ ਹਨ। ਵੱਖ-ਵੱਖ ਨਜ਼ਰੀਏ ਤੋਂ ਹਾਲਾਤ ਨੂੰ ਸਮਝਣਾ ਪੈਂਦਾ ਹੈ ਇਹ 7 ਕਿਤਾਬਾਂ ਤੁਹਾਨੂੰ ਜੂਨ 1984 ਸੰਬੰਧੀ ਇੱਕ ਡੂੰਘੇ ਅਤੇ ਵਿਸ਼ਲੇਸ਼ਣਾਤਮਕ ਢੰਗ ਨਾਲ ਸਮਝਣ ਵਿੱਚ ਮਦਦ ਕਰ ਸਕਦੀਆਂ ਹਨ।

ਹੋਰ ਪੜ੍ਹਨਯੋਗ ਕਿਤਾਬਾਂ ਬਾਰੇ ਜਾਣਕਾਰੀ ਹਾਸਲ ਕਰਨ ਲਈ ਮਾਝਾ ਵਰਲਡਵਾਈਡ ਦੇ ਯੂਟਿਊਬ ਚੈਨਲ 'ਤੇ ਜਾ ਕੇ ਚੈਨਲ ਨੂੰ ਸਬਸਕ੍ਰਾਈਬ ਕਰੋ ਜੀ।

# ਮੂਲਨਿਵਾਸੀਆਂ ਦਾ ਸੰਗੀਤ-ਸਮਾਰੋਹ ਪੇਸ਼ਕਾਰੀਆਂ ਦੀ ਸਿਖਰ ਛੋਹ ਗਿਆ

ਕੈਲਗਰੀ (ਜਗਦੇਵ ਸਿੱਧੂ) ਕੈਲਗਰੀ ਦੇ ਸੰਗਮ ਸਥਲ (Confluence Park Site) ਦੇ ਇਤਿਹਾਸਕ ਸਥਾਨ ਉਪਰ 23-24 ਮਈ ਨੂੰ ਮੂਲਨਿਵਾਸੀ ਗੀਤ ਸੰਗੀਤ ਅਤੇ ਉਪੇਰਾ ਦਾ ਸਮਾਰੋਹ ਹੋਇਆ ਜਿਸ ਦਾ ਆਯੋਜਨ 'ਮੇਕਿੰਗ ਟਰੀਟੀ 7 ਕਲਚਰਲ ਸੋਸਾਇਟੀ' ਅਤੇ 'ਸਪ੍ਰਿੰਗ ਬੋਰਡ ਪ੍ਰਫਾਰਮੈਂਸ' ਨੇ ਸੰਗਮ ਸੰਸਥਾ ਦੇ ਸਹਿਯੋਗ



ਨਾਲ਼ ਕੀਤਾ। ਪਹਿਲੇ ਦਿਨ ਗੀਤ ਸੰਗੀਤ ਰਾਹੀਂ ਮੂਲਨਿਵਾਸੀ (Indigenous) ਇਤਿਹਾਸ, ਸਭਿਆਚਾਰ ਅਤੇ ਕਦਰਾਂ-ਕੀਮਤਾਂ ਨੂੰ ਨੇਟਿਵ ਭਾਸ਼ਾ ਵਿੱਚ ਉਜਾਗਰ ਕੀਤਾ ਗਿਆ। ਵੱਡੇ ਹਾਲ ਅੰਦਰ ਦੀਵਾਰਾਂ ਉਪਰ ਗਾਇਕ ਕਲਾਕਾਰਾਂ ਦੀਆਂ ਤਸਵੀਰਾਂ, ਸੰਗੀਤ ਦੀ ਭਾਸ਼ਾ ਦੇ ਨਮੂਨੇ ਅਤੇ ਕੱਪੜੇ ਉੱਤੇ ਰੰਗੀਨ, ਡੀਜ਼ਾਈਨਦਾਰ ਚਿਤਰ ਸਲੀਕੇ ਨਾਲ਼ ਪ੍ਰਦਰਸ਼ਤ ਕੀਤੇ ਗਏ। ਅਗਲੇ ਦਿਨ ਚੈਰੋਕੀ / ਮੁਸਕੈਗੀ ਨੇਸ਼ਨ ਦੀ ਕਲਾਕਾਰ ਐਲੀਸਾ ਹਾਰਕਿਨਜ਼ ਦੁਆਰਾ ਕੰਪੋਜ਼ ਅਤੇ ਨਿਰਦੇਸ਼ਤ ਕੀਤਾ ਉਪੇਰਾ ਖੇਡਿਆ ਗਿਆ ਜਿਸ ਦੌਰਾਨ ਜ਼ੋ ਪੋਲਚ, ਹਾਨਾਕੋ ਹੋਸ਼ੀਮੀ-ਕੇਨਜ਼ ਅਤੇ ਐਲੀਸਾ ਹਾਰਕਿਨਜ਼ ਨੇ ਅਦਭੁਤ ਅਦਾਕਾਰੀ ਦੇ ਜ਼ੌਹਰ ਵਿਖਾਏ। ਇਸ ਨਾਟ ਰੂਪੀ ਕੋਰੀਉਗ੍ਰਾਫ਼ੀ ਰਾਹੀਂ ਮੂਲਨਿਵਾਸੀਆਂ ਨਾਲ ਬਸਤੀਵਾਦੀਆਂ ਦੁਆਰਾ ਕੀਤੇ ਗਏ ਅਤੀ ਘਿਨਾਉਣੇ ਤੇ ਅਣ-ਮਨੁੱਖੀ ਅੱਤਿਆਚਾਰਾਂ ਦੀ ਦਾਸਤਾਨ ਪ੍ਰਸਤੁਤ ਕੀਤੀ ਗਈ। ਗ਼ਜ਼ਬ ਦੀਆਂ ਮੁਦਰਾਵਾਂ, ਪੁਜ਼ੀਸ਼ਨਾਂ, ਸਰੀਰ ਦੇ ਅੰਗਾਂ ਦੀ ਥਿਰਕਣ, ਹਰਕਤਾਂ, ਇਸ਼ਾਰਿਆਂ ਅਤੇ ਅਦਾਵਾਂ ਨਾਲ਼ ਅਜਿਹੇ ਦ੍ਰਿਸ਼ ਸਿਰਜੇ ਗਏ ਕਿ ਕਿਵੇਂ ਬਸਤੀਵਾਦੀਆਂ ਨੇ ਇਨ੍ਹਾਂ ਲੋਕਾਂ ਤੋਂ ਭੂਮੀ ਖੋਹੀ, ਜ਼ਬਾਨ, ਸਭਿਆਚਾਰ, ਜੀਵਨ-ਢੰਗ ਖੋਹਿਆ, ਕਿਵੇਂ ਬਾਹਰੋਂ ਆਈਆਂ ਨਾ-ਮੁਰਾਦ ਬੀਮਾਰੀਆਂ, ਸ਼ਰਾਬ, ਰਿਹਾਇਸ਼ੀ ਸਕੂਲ, ਜਾਨਵਰਾਂ ਦੀ ਨਸਲਕੁਸ਼ੀ, ਜਬਰੀ ਧਰਮ ਪ੍ਰੀਵਰਤਨ ਇਨ੍ਹਾਂ ਨੂੰ ਉਜਾੜਨ ਅਤੇ ਤਬਾਹ ਕਰਨ ਦਾ ਵਸੀਲਾ ਬਣੇ, ਕਿਵੇਂ ਇਹ ਆਪਣੀ ਅੰਦਰੂਨੀ ਸ਼ਕਤੀ, ਦ੍ਰਿੜ੍ਹਤਾ, ਅਡੋਲਤਾ ਤੇ ਸ੍ਵੈ-ਵਿਸ਼ਵਾਸ ਨਾਲ਼ ਮੁੜ ਖੋਇਆ ਵਿਰਸਾ ਪ੍ਰਾਪਤ ਕਰ ਰਹੇ ਹਨ। ਸਾਰੇ ਦ੍ਰਿਸ਼ ਏਨੀ ਪ੍ਰਵੀਨਤਾ ਨਾਲ਼ ਸਿਰਜੇ ਗਏ ਕਿ ਦਰਸ਼ਕਾਂ ਨੇ ਸਾਹ ਰੋਕੀ ਰੱਖੇ, ਸਮਾਂ ਤਾਂ ਜਿਵੇਂ ਖੜੋ ਗਿਆ ਸੀ। ਆਖਰੀ ਸੀਨ ਕਮਾਲ ਦਾ ਸੁਨੇਹਾ ਦੇ ਗਿਆ ਜਦੋਂ ਐਲੀਸਾ ਨੇ ਆਪਣੇ ਪਿੱਛੇ ਵੱਡਾ ਬੈਨਰ ਲਾ ਕੇ ਗੇੜਾ ਦਿੱਤਾ ਜਿਸ ਉਪਰ LAND BACK ਮੋਟੇ ਅੱਖਰਾਂ ਵਿੱਚ ਅੰਕਿਤ ਸੀ। ਕੋਰੀਉਗ੍ਰਾਫ਼ੀ, ਬਿਜਲਈ ਸੰਗੀਤ ਅਤੇ ਆਵਾਜ਼ ਦੇ ਹੁਨਰ ਨੂੰ ਆਡੀਉ ਰਿਕਾਰਡਿੰਗ ਅਤੇ ਵਿਜ਼ੂਅਲ ਅਨੁਵਾਦ ਦੀ ਵਿਧੀ ਨਾਲ਼ ਪੇਸ਼ ਕੀਤਾ ਗਿਆ। ਨਾਟ-ਕਲਾ ਦਾ ਇਹ ਅਤੀ ਆਧੁਨਿਕ ਰੂਪ ਸਮਰੱਥ ਕਲਾਕਾਰਾਂ ਦੇ ਵਿਸ਼ੇਸ਼ ਪਿਛੋਕੜ, ਕਲਾਤਮਕ ਸਿੱਖਿਆ ਅਤੇ ਸਭਿਆਚਾਰਕ ਅਨੁਭਵ ਵਿੱਚੋਂ ਉਭਰਦਾ ਹੈ। ਆਯੋਜਕ ਗੈਰਿਟ ਸਮਿੱਥ (ਪੀਕਾਨੀ) ਅਤੇ ਆਟਮ ਈਗਲ ਸਪੀਕਰ (ਕਾਇਨਾਈ) ਦੀ ਭੂਮਿਕਾ ਸਲਾਹੁਣਯੋਗ ਸੀ।


ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ (ਰਜਿ:)
ਸਵ. ਸੋਹਣ ਮਾਨ ਯਾਦਗਾਰੀ 15ਵਾਂ ਸਾਲਾਨਾ ਅਗਾਂਹਵਧੂ ਸਭਿਆਚਾਰਕ
ਨਾਟਕ ਸਮਾਗਮ
June 6, 2026 Saturday
TIMING : 2.30 PM to 5.30 PM | GATE OPEN 2:00 PM
HOP EVENTS CENTRE, 5 RED STONE HEIGHTS NE
CALGARY AB T3N 0T6
TICKET $10
BUS ROUTE 128 & 145
ਮੁੱਖ ਨਾਟਕ
ਚਾਂਦਨੀ ਚੌਕ ਤੋਂ ਸਰਹੰਦ ਤੱਕ
(ਲੇਖਕ ਗੁਰਸ਼ਰਨ ਭਾਅ ਜੀ, ਡਾਇਰੈਕਟਰ ਹਰਕੇਸ਼ ਚੌਧਰੀ)
ਦੂਜਾ ਨਾਟਕ
ਧਰਤ ਵੰਗਾਰੇ ਤਖਤ ਨੂੰ
ਲੇਖਕ ਤੇ ਨਿਰਦੇਸ਼ਕ : ਹਰਕੇਸ਼ ਚੌਧਰੀ, ਲੋਕ ਕਲਾ ਮੰਚ ਮੰਡੀ ਮੁੱਲਾਂਪੁਰ
ਕੈਲਗਰੀ ਦੇ ਜੰਮਪਲ ਬੱਚਿਆਂ ਵਲੋਂ ਕੋਰੀਓਗਰਾਫੀ 'ਪੇਸ਼ ਕੀਤੀ ਜਾਵੇਗੀ
15ਵਾਂ ਨਾਟਕ ਸਮਾਗਮ ਬੱਬਰ ਅਕਾਲੀ ਲਹਿਰ ਦੀ ਸ਼ਤਾਬਦੀ ਨੂੰ ਸਮਰਪਿਤ ਹੋਵੇਗਾ
ਸਮਾਗਮ ਦੌਰਾਨ ਜਸਵੰਤ ਸਿੰਘ ਜਗੈਤ ਦੀ ਕਿਤਾਬ 'ਹਵਾ ਵਿਚ ਲਟਕਦੇ ਲੋਕ' ਰਿਲੀਜ਼ ਕੀਤੀ ਜਾਵੇਗੀ

ਵਿਸ਼ੇਸ਼ ਸਹਿਯੋਗੀ
Sanjha Punjab Grocery Stores • Harpinder Sidhu Punjab Insurance
Paramjit Plaha Desjardins Insurance • Baljinder Sangha Realtor
Harcharan Parhar Insta Realty • Iqbal Sidhu Sidhu Accounting
Harpreet Singh Malwa Tires • Vandna Sharma Golden Harmony Care

ਮੁੱਖ ਸਹਿਯੋਗੀ
• Reliance Legal Group • OK Food • Bains Vision Centre • JFS Immigration
• Harpreet Parmar CGA • Romi Sidhu • HMP Kitchen Cabinet • AIM Insurance
• Link Canada Immigration • Mahi Printing • 3C Car Care Centre • City Carpet Ltd.
• G Dhillon Prof. Crop. • Fastrac Auto Service • Sidhu Global Immigration • Advocate Waleed Baber

ਸਹਿਯੋਗੀ
• Kohinoor Jewellers • Bhatia Cloth House • Coast to Coast Mortgage • Highway Carpet Cleaning • Advance Auto Repair

ਜਸਵਿੰਦਰ ਮਾਨ (ਪ੍ਰਧਾਨ)
ਮਾਸਟਰ ਭਜਨ (ਸਕੱਤਰ) : 403-455-4220 | ਕਮਲਪ੍ਰੀਤ ਪੰਧੇਰ (ਵਿੱਤ ਸਕੱਤਰ) : 403-479-4220
ਵਿਸ਼ੇਸ਼ ਸਹਿਯੋਗ: ਹਰਚਰਨ ਸਿੰਘ ਸਿੱਖ ਵਿਰਸਾ : 403-681-8689 | ਸੁਖਵੀਰ ਗਰੇਵਾਲ : 403-402-0770
ਸਪਾਂਸਰਜ਼ ਅਤੇ ਮੀਡੀਆ ਦਾ ਧੰਨਵਾਦ



DAWSON'S LANDING CHESTERMERE



Your Perfect Landing Spot Awaits
ਆਖਿਰੀ ਫੇਸ
ਹੁਣ ਵੇਚ ਰਹੇ ਹਾਂ
ਚੈਸਟਰਮੇਰ ਦੇ ਕੁਦਰਤ ਨਾਲ ਜੁੜੇ ਭਾਈਚਾਰੇ ਵਿੱਚ ਨਿਰਮਾਣ ਕਰਨ ਦਾ ਤੁਹਾਡਾ ਆਖਰੀ ਮੌਕਾ ਇੱਥੇ ਹੈ।

LANED HOMES from the high $400s
FRONT GARAGE DUPLEXES from the high $500s
FRONT GARAGE HOMES from the low $700s
SEMI-ESTATE HOMES from the high $700s

ਡਾਸਨਜ਼ ਲੈਂਡਿੰਗ ਝੀਲ ਦੇ ਕਿਨਾਰੇ ਸਥਿਤ ਚੈਸਟਰਮੇਰ ਸ਼ਹਿਰ ਵਿੱਚ ਇੱਕ ਸਥਾਪਿਤ ਭਾਈਚਾਰਾ ਹੈ,ਜੋ ਸਕੂਲਾਂ, ਪਾਰਕਾਂ, ਖਰੀਦਦਾਰੀ ਅਤੇ ਹੋਰ ਬਹੁਤ ਕੁੱਝ ਤੱਕ ਪਹੁੰਚ ਪ੍ਰਦਾਨ ਕਰਦਾ ਹੈ। ਭਾਈਚਾਰੇ ਦੇ 5 ਪਾਰਕਾਂ ਵਿੱਚੋਂ ਇੱਕ ਵਿੱਚ ਦੋਸਤਾਂ ਨਾਲ ਇਕੱਠੇ ਹੋਵੋ, ਖੇਡ ਦੇ ਮੈਦਾਨ ਵਿੱਚ ਇੱਕ ਦੁਪਹਿਰ ਬਿਤਾਓ, ਬਾਸਕਟਬਾਲ ਪੈਡ 'ਤੇ ਕੁੱਝ ਹੂਪਸ ਸ਼ੂਟ ਕਰੋ, ਜਾਂ ਸੁੰਦਰ ਮਾਰਗ ਪ੍ਰਣਾਲੀ ਦੇ ਨਾਲ ਸੈਰ ਕਰੋ। ਇੱਕ ਡੌਗ ਪਾਰਕ ਹੁਣ ਖੁੱਲ੍ਹਾ ਹੈ, ਅਤੇ ਨੇੜਲੇ ਭਵਿੱਖ ਲਈ ਇੱਕ ਈਕੋ ਪਾਰਕ ਦੀ ਯੋਜਨਾ ਬਣਾਈ ਗਈ ਹੈ, ਡਾਸਨਜ਼ ਲੈਂਡਿੰਗ ਸੱਚਮੁੱਚ ਆਰਾਮ ਅਤੇ ਸਹੂਲਤ ਦਾ ਸੰਪੂਰਨ ਸੁਮੇਲ ਪੇਸ਼ ਕਰਦਾ ਹੈ।

ਆਪਣੇ ਮਨਪਸੰਦ ਬਿਲਡਰ ਨਾਲ ਅੱਜ ਹੀ ਸੰਪਰਕ ਕਰੋ!
• Broadview Homes • Sterling Homes • NuVista Homes
• Truman • Trico Homes • Genesis Builders
liveindawsonslanding.ca
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities



CAM TRANSPORT REGINA, SK
Currently Hiring Drivers and Owner Operators for Canada (Prairies) and USA Runs.
• Must Have-Clean Driver Abstract
• Clear Criminal Record
ਟਰੱਕ ਦਾ ਲਾਇਸੈਂਸ (Class 1A) ਲੈਣ ਵਿੱਚ ਵੀ ਮੱਦਦ ਕੀਤੀ ਜਾਂਦੀ ਹੈ
Cam Transport Offers:
• Great Pay, Steady Miles,
• Dedicated Work
• Dedicated trucks for drivers
• Every Weekend Home
• Excellent Equipments
• Paid Layover
Contact:
Kuldeep Romana 306 999 1800
Amrinder Sidhu 306 450 0453
Gurbinder Gagowal 306 520 4313
Office: 306 910-0100 Email: Info@camtransport.ca
1014 Kearns Cres Regina (SK) S4K 0A1



Call Romi Sidhu For Insurance & Financial Needs
StateFarm IS NOW Desjardins Insurance
Monday-Friday 9:00 am to 5:30 PM
Weekends: All Other Times Appointments only
4851 Westwinds Drive NE, Suite 217, Calgary, AB T3J 4L4
B:403-568-4330 C:403 615 7664
Email:romi.sidhu@desjardins.com
*HOME *DISABILITY *VEHICLE FINANCE
*AUTO *RRSP *CRITICAL ILLNESS
*LIFE *RESP *MUTUAL FUNDS
Romi Sidhu, Agent



COLDWELL BANKER | YAD REALTY
RESIDENTIAL, COMMERCIAL & PROPERTY MANAGEMENT
ਜੇਕਰ ਤੁਹਾਡਾ ਘਰ 88 ਦਿਨਾਂ ਵਿੱਚ ਨਾ ਵਿਕਿਆ ਤਾਂ ਉਸ ਤੋਂ ਬਾਅਦ ਅਸੀਂ ਬਿਨਾ ਕਿਸੇ ਫੀਸ ਦੇ ਵੇਚਾਂਗੇ*
YADREALTY.CA
ANDY BHALLA OWNER, BROKER, REALTOR® 403-899-7171
HIRING BEST REAL ESTATE AGENTS
3130, 6520 36 Street NE, Calgary AB
AMRIT BEDI OWNER & REALTOR® 403-414-9191

BHINDER EXTERIORS LTD.

# BHINDER EXTERIOR

ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?

ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।

ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ

ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।



* ਸਾਨੂੰ ਵਰਕਰਾਂ ਦੀ ਲੋੜ ਹੈ





*All kind of Exterior Service*

* Siding * Soffit
* Fascia * Cedar
* Smart Board
* Paper Wire
* Stucco & Roofing
* Eavestrough

FREE Estimate

Call: 403 680 0436

Email: sandeeptoor72@gmail.com



ਅਰਪਨ ਲਿਖਾਰੀ ਸਭਾ ਕੈਲਗਰੀ

# ਪੰਦਰ੍ਹਵਾਂ ਸਾਲਾਨਾ ਸਮਾਗਮ

ਮੁੱਖ ਮਹਿਮਾਨ

ਨਾਮਵਰ ਪੰਜਾਬੀ ਲੇਖਕ, ਆਲੋਚਕ ਅਤੇ ਸੰਪਾਦਕ

ਸਰਦਾਰ ਰਘਬੀਰ ਸਿੰਘ ਸਿਰਜਣਾ

ਦਾ

ਇਕਬਾਲ ਅਰਪਨ ਯਾਦਗਾਰੀ ਪੁਰਸਕਾਰ

ਨਾਲ ਸਨਮਾਨ



ਮਹਿਮਾਨ - ਦੂਜੇ ਸ਼ਹਿਰਾਂ ਤੋਂ ਆਉਣ ਵਾਲ਼ੇ ਨਾਮੀ ਸਾਹਿਤਕਾਰ ਅਤੇ ਪੱਤਰਕਾਰ

- ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਦਰਪੇਸ਼ ਚੁਣੌਤੀਆਂ ਬਾਰੇ ਵਿਚਾਰਾਂ
- ਗੀਤ, ਸੰਗੀਤ, ਕਵੀਸ਼ਰੀ, ਹਾਸਰਸ ਅਤੇ ਮਨੋਰੰਜਨ
- ਛੋਟੇ ਬੱਚਿਆਂ ਦੁਆਰਾ ਸਭਿਆਚਾਰਕ ਪ੍ਰੋਗਰਾਮ
- ਇਸ ਮੌਕੇ ਮਿਆਰੀ ਸਾਹਿਤ ਦੀ ਪ੍ਰਦਰਸ਼ਨੀ ਵੀ ਲਗਾਈ ਜਾਵੇਗੀ।

ਦਿਨ - ਸ਼ਨੀਵਾਰ, 13 ਜੂਨ, 2026

ਸਮਾਂ - 12.00 ਵਜੇ ਦੁਪਹਿਰ

ਸਥਾਨ - ਟੈਂਪਲ ਕਮਿਊਨਿਟੀ ਹਾਲ 176- ਟੈਂਪਲ ਗਰੀਨ ਰੋਡ, ਨਾਰਥ ਕੈਲਗਰੀ

ਹੋਰ ਜਾਣਕਾਰੀ ਲਈ ਸੰਪਰਕ:

| ਪ੍ਰਧਾਨ | ਜਨਰਲ ਸਕੱਤਰ | ਵਿੱਤ ਸਕੱਤਰ |
|---|---|---|
| ਜਸਵੰਤ ਸਿੰਘ ਸੇਖੋਂ | ਦਰਸ਼ਨ ਸਿੰਘ ਬਰਾੜ | ਸਤਨਾਮ ਸਿੰਘ ਢਾਅ |
| 403-681-3132 | 587-732-2282 | 403-285-6091 |

ਮਾਂ ਬੋਲੀ ਨੂੰ ਪਿਆਰ ਕਰਨ ਵਾਲਿਆਂ ਲਈ ਖੁੱਲ੍ਹਾ ਸੱਦਾ ਹੈ

ਨੋਟ - ਖਾਣ-ਪੀਣ ਦਾ ਉਚੇਚਾ ਪ੍ਰਬੰਧ ਹੋਵੇਗਾ



# Bains Vision Centre

ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।

ਹਰ ਕਿਸਮ ਦੀਆਂ ਬਰੈਂਡਡ ਐਨਕਾਂ ਵੀ ਮਿਲਦੀਆਂ ਹਨ



Dr.Jaswinder S Bains

Ph.D., OD.

Tel: 403-274-4514

Fax: 403-274-4680

5218 Falsbridge Dr NE Calgary AB T3J 3G1



ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ



ਕੋਈ ਮੈਟਲ ਡੋਰ, ਜਾਂ ਸਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।

Specialist In:

All Type of Residential & Commercial Woodwork

Interior Finishing: Kitchen Cabinets:

Railing & Decorating

Manpreet Thind

Ph: (403) 455-1000

www.perfectfinishing.ca

Perfect Finishing Corp.

NewStar Cabinets Ltd.

3341 19 St NE Calgary AB T2E 6S8



- Personal Tax Returns
- Corporate Tax Returns
- Bookkeeping
- GST/HST Filing
- Payroll
- WCB Returns
- Tax Planning
- New Business Consultation & Registration

SA SIDHU ACCOUNTING

PH: (403) 568 – 2667

Email: info@sidhuaccounting.com

Address: 202, 4656 Westwinds Drive NE Calgary, Alberta T3J 3Z5



# Asia Pacific Immigration Consulting Ltd.

ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ



ਇਮੀਗ੍ਰੇਸ਼ਨ ਸੇਵਾਵਾਂ

- ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
- ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
- ਰੱਦ ਕੀਤੇ ਕੇਸਾਂ ਵਾਸਤੇ ਅਪੀਲ

Maninder S. Dhillon

Regulated Immigration Consultant of Canada

Member ICCRC #R 409807

Member CAPIC

Commissioner for Oaths (Alberta)

Fax: 1-877-557-2001

iccrc crcic

Call for an appointment

403-225-1111

Toll Free 1-855-723-0001

Unit 144, 3670, 63rd Ave, NE, Calgary, AB (Behind ATB Head Office)

Email: info@apacimmigration.ca Website : www.apacimmigration.ca



# Delta-A Stucco Ltd.

All Types of Stucco Work

Specialist in : Acrylic and Texture Acrylic



Quality Workmanship

Ajmer Garcha

Free Estimate

81 Taralea Manor NE Calgary AB T3J 5C4

Ph : 403-615-0583, Fax : 403-351-8157

Email : deltaastuccoltd.@hotmail.com



NE NORTHEAST AUTOMOTIVE

Bring your vehicle into NorthEast Automotive and be on smoother, stress free roads



First Choice for Engine Repair

ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।

Contact:

DEEP

4205-17 Ave SE

Calgary (AB)

Fax: 403 313 9993

Email: deep@neauto.ca

www.neauto.ca Ph. 403-263-1000, 403-250-7038

# Cycle Rally organized by Chestermere Punjabi Bazurg Society in Chestermere.




Calgary (PAB) On Victoria Day dated May 24, 2026 a Cycle Rally was organized by Chestermere Punjabi Bazurg Society in Chestermere, in memory of Queen Victoria. Society members gathered at gazebo of Dawson Landing. The president of the society, Sr. Janak Singh Khurmi, explained about Victoria Day and briefly told that Queen Victoria was born on 24th May,1819. She became queen of United Kingdom of Great Britain at the age of just 18 years old on 20th June 1837. And remained the queen until her death in 1901. During her regime, the country made big developments in Industrial, Scientific and Political areas. In 1976 she was also granted the title of Empress of India by the Parliament. Our Society Director, Sr. Gurmel Singh Fauji, waved the Flag to start the Rally, which was headed by our Treasurer, Sr. Atma Singh Gill. Banners marked "VICTORIA DAY CYCLE RALLY" were hung ahead of the bicycles, which were participating in the rally. Starting from Dawson Landing, it reached at Camp Chestermere, after going through Waterford, Rainbow Road, South Shore and Kinniburgh. At Camp our Joint Treasurer, Sr. Tarlochan Singh Rai, EC Member Sr. Rashpal Singh Gill and Sr. Pritam Singh Grewal served cold drinks and snacks to the participants. From Camp it finished at Mc Donald, by serving coffee and sweets to all. The President thanked all. Photos and videos were taken by Sr. Gurraj Singh Virk, Sr. Gurbhej Singh and madam Parwinder Kaur, our members. Other participants were Kuldeep Singh Gill, Inderjit Singh Josan, Ranjodh Singh Chahal, Baljit Singh Khatra, Jugraj Singh Gill, Harcharan Singh Chohan, Balbir Singh Dhindsa, Nachhattar Singh Malhi, Jagjit Singh Grewal, Shingara Singh, Sukhdev Singh, Amarjit Singh, Jaswant Singh, Malkit Singh, Lakhvir Singh and Gurdeep Singh etc.




ਸਨਵਿਊ ਕਸਟਮ ਹੋਮਜ ਵੱਲੋਂ ਬੀਤੇ ਦਿਨੀ ਚੈਸਟਰਮੀਅਰ ਦੇ ਕਲੀਅਰਵਾਟਰ ਕਮਿਊਨਿਟੀ ਵਿਖੇ ਆਪਣੇ ਸ਼ੋਅ ਹੋਮ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਕੈਲਗਰੀ ਦੇ ਵੱਡੀ ਗਿਣਤੀ ਵਿੱਚ ਪਤਵੰਤੇ ਸੱਜਣਾ ਤੋਂ ਇਲਾਵਾ ਮੈਂਬਰ ਪਾਰਲੀਮੈਂਟ ਜਸਰਾਜ ਹੱਲਣ, ਮੈਂਬਰ ਪਾਰਲੀਮੈਂਟ ਅਮਨਪ੍ਰੀਤ ਗਿੱਲ , ਮੈਂਬਰ ਪਾਰਲੀਮੈਂਟ ਦਲਵਿੰਦਰ ਗਿੱਲ ਅਤੇ ਚੈਸਟਰਮੀਅਰ ਦੀ ਕੌਂਸਲਰ ਕਿਰਨ ਰੰਧਾਵਾ ਨੇ ਵੀ ਹਾਜ਼ਰੀ ਭਰਦਿਆਂ ਦੀਪਕ ਸ਼ਰਮਾ ਅਤੇ ਉਹਨਾਂ ਦੇ ਪਿਤਾ ਜੀ ਕੁਲਵੰਤ ਸ਼ਰਮਾ ਨੂੰ ਮੁਬਾਰਕਬਾਦ ਦਿੱਤੀ।








ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।

403-232-6220



# 1000 ਗੈਂਗਸਟਰ ਫਿਰੌਤੀਆਂ ਦੀਆਂ ਕਾਰਵਾਈਆਂ ਨੂੰ ਅੰਜਾਮ ਦੇਣ ਲਈ ਗੋਲੀਬਾਰੀ ਕਰਨ ਲਈ ਤਿਆਰ ਬਰ ਤਿਆਰ ਹਨ

**ਪਹਿਲੇ ਸਫ਼ੇ ਦੀ ਬਾਕੀ**

ਲਾਰੈਂਸ ਬਿਸ਼ਨੋਈ ਗੈਂਗ ਦੇ ਵਿੱਚ ਪਾੜ ਪੈ ਚੁੱਕਾ ਹੈ। ਇਸ ਦੇ ਕਈ ਹਿੱਸੇ ਹੋ ਚੁੱਕੇ ਹਨ, ਇਸੇ ਕਾਰਨ ਵੱਖ ਵੱਖ ਗਿਰੋਹਾਂ ਵੱਲੋਂ ਇੱਕੋ ਢੰਗ ਤਰੀਕੇ ਦੇ ਨਾਲ ਫਰੌਤੀਆਂ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ। ਇਹਨਾਂ ਗਿਰੋਹਾਂ ਵੱਲੋਂ ਅਮੀਰ ਪੰਜਾਬੀ ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਅਤੇ ਉਹਨਾਂ ਦੇ ਘਰਾਂ ਤੇ ਕਾਰੋਬਾਰਾਂ ਤੇ ਗੋਲੀਬਾਰੀ ਕੀਤੀ ਜਾਂਦੀ ਹੈ। ਇਹਨਾਂ ਵਿੱਚ ਕਈ ਵਾਰ ਪਹਿਲਾਂ ਧਮਕਾਇਆ ਜਾਂਦਾ ਹੈ ਅਤੇ ਫਿਰੌਤੀ ਨਾ ਮਿਲਣ ਤੇ ਗੋਲੀਬਾਰੀ ਕੀਤੀ ਜਾਂਦੀ ਹੈ ਜਾਂ ਫਿਰ ਪਹਿਲਾਂ ਗੋਲੀਬਾਰੀ ਕਰਕੇ ਫਿਰ ਫਰੌਤੀ ਦੀ ਮੰਗ ਕੀਤੀ ਜਾਂਦੀ ਹੈ। ਇਸ ਪੁਲਿਸ ਅਧਿਕਾਰੀ ਨੇ ਅੱਗੇ ਦੱਸਿਆ ਕਿ ਜਾਂਚ ਕਰਤਾਵਾਂ ਨੇ ਵਟਸਐਪ, ਟੈਕਸਟ ਮੈਸੇਜ ਅਤੇ ਫੋਨ ਕਾਲਾਂ ਦੀ ਜਾਂਚ ਤੋਂ ਬਾਅਦ ਇਹ ਪਤਾ ਲਗਾਇਆ ਕਿ ਲਾਰੈਂਸ ਬਿਸ਼ਨੋਈ ਗੈਂਗ ਅਤੇ ਬਿਸ਼ਨੋਈ ਦੇ ਸਾਬਕਾ ਸਾਥੀ ਤੇ ਹੁਣ ਦੁਸ਼ਮਣ ਗੋਲਡੀ ਬਰਾੜ ਅਤੇ ਇੱਕ ਹੋਰ ਵਿਅਕਤੀ ਜੋਰਾ ਸਿੱਧੂ ਦੇ ਗਿਰੋਹ ਇਹਨਾਂ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਹਨ। ਜੋਰਾ ਸਿੱਧੂ ਵੀ ਲਾਰੈਂਸ ਬਿਸ਼ਨੋਈ ਗੈਂਗ ਲਈ ਵੱਖ-ਵੱਖ ਅਪਰਾਧਾਂ ਵਿੱਚ ਸ਼ਾਮਿਲ ਰਿਹਾ ਹੈ। ਜੋਰਾ ਸਿੱਧੂ ਦੀ ਪਹਿਚਾਣ ਆਰਸੀਐਮਪੀ ਦੇ ਨੈਸ਼ਨਲ ਕੋਆਰਡੀਨੇਸ਼ਨ ਸੈਂਟਰ ਵੱਲੋਂ ਉਸ ਦੀ ਆਵਾਜ਼ ਰਾਹੀਂ ਕੀਤੀ ਗਈ ਹੈ। ਜੋਰਾ ਸਿੱਧੂ ਉਹਨਾਂ ਲੋਕਾਂ ਵਿੱਚੋਂ ਸ਼ਾਮਿਲ ਹੈ, ਜੋ ਲੋਕਾਂ ਨੂੰ ਵਟਸਐਪ ਫੋਨ ਕਾਲਾਂ ਰਾਹੀਂ ਧਮਕਾਉਂਦਾ ਹੈ। ਅਧਿਕਾਰੀ ਨੇ ਦੱਸਿਆ ਕਿ ਭਾਰਤੀ ਮੀਡੀਆ ਦੀਆਂ ਰਿਪੋਰਟਾਂ ਅਨੁਸਾਰ ਇਸੇ ਨਾਂ ਦਾ ਵਿਅਕਤੀ ਬਿਸ਼ਨੋਈ ਦਾ ਸਾਥੀ ਹੈ ਜਿਸ ਨੂੰ ਸਿੱਪਾ ਕਰਕੇ ਵੀ ਜਾਣਿਆ ਜਾਂਦਾ ਹੈ। । ਪੁਲਿਸ ਅਧਿਕਾਰੀ ਨੇ ਅੱਗੇ ਦੱਸਿਆ ਕਿ ਜੋ ਲੋਕ ਕੈਨੇਡਾ ਵਿੱਚ ਫਿਰੌਤੀਆਂ ਦੀਆਂ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਹਨ ਉਹ ਅਸਲ ਵਿੱਚ ਪਿਰਾਮਿਡ ਦਾ ਹੇਠਲਾ ਹਿੱਸਾ ਹਨ ਤੇ ਉਹਨਾਂ ਨੂੰ ਇਹਨਾਂ ਅਪਰਾਧਾਂ ਲਈ ਬਹੁਤ ਥੋੜੀ ਰਾਸ਼ੀ ਦਿੱਤੀ ਜਾਂਦੀ ਹੈ। ਉਹਨਾਂ ਅੱਗੇ ਦੱਸਿਆ ਕਿ ਜਾਂਚ ਦੌਰਾਨ ਇਹਨਾਂ ਅਪਰਾਧਾਂ ਵਿੱਚ ਸ਼ਾਮਿਲ ਜਿੰਨੇ ਵੀ ਵਿਅਕਤੀਆਂ ਦੀ ਪਹਿਚਾਣ ਕੀਤੀ



ਗਈ ਹੈ ਉਹਨਾਂ ਵਿੱਚ ਜਿਆਦਾਤਰ ਟੈਮਪਰੇਰੀ ਵਿਦੇਸ਼ੀ ਕਾਮੇ, ਅੰਤਰਰਾਸ਼ਟਰੀ ਵਿਦਿਆਰਥੀ ਅਤੇ ਜਾਂ ਫਿਰ ਉਹ ਕੈਨੇਡਾ ਵਿੱਚ ਬਿਲਕੁਲ ਨਵੇਂ ਆਏ ਹਨ ਅਤੇ ਇਹ ਸਭ ਇਨਸ਼ੋਰੈਂਸ ਧੋਖਾਧੜੀ ਵਿੱਚ ਵੀ ਸ਼ਾਮਿਲ ਹਨ। ਇਹਨਾਂ ਅਪਰਾਧੀਆਂ ਵੱਲੋਂ ਚੋਰੀ ਦੀਆਂ ਗੱਡੀਆਂ ਦੀ ਵਰਤੋਂ ਕੀਤੀ ਜਾਂਦੀ ਹੈ, ਜਿਨਾਂ ਨੂੰ ਅਪਰਾਧ ਨੂੰ ਅੰਜਾਮ ਦੇਣ ਤੋਂ ਬਾਅਦ ਸਾੜ ਦਿੱਤਾ ਜਾਂਦਾ ਹੈ। ਇਸ ਪੁਲਿਸ ਅਧਿਕਾਰੀ ਨੇ ਅੱਗੇ ਦੱਸਿਆ ਕਿ ਸ਼ੱਕੀ ਅਪਰਾਧੀ ਹਥਿਆਰ ਅਤੇ ਗੱਡੀਆਂ ਇੱਕ ਤੋਂ ਦੂਜੇ ਸੂਬੇ ਦੇ ਵਿੱਚ ਮੂਵ ਕਰਦੇ ਰਹਿੰਦੇ ਹਨ ਪਰ ਜੋ ਫਿਰੌਤੀ ਮੰਗੀ ਜਾਂਦੀ ਹੈ ਉਹ ਲਗਭਗ ਇੱਕੋ ਜਿਹੀ ਹੁੰਦੀ ਹੈ। ਇਸ ਵਾਸਤੇ ਟਰੇਸ ਨਾ ਹੋ ਸਕਣ ਵਾਲੇ ਅੰਤਰਰਾਸ਼ਟਰੀ ਵਟਸਐਪ ਨੰਬਰਾਂ ਦੀ ਵਰਤੋਂ ਕੀਤੀ ਜਾਂਦੀ ਹੈ । ਉਹਨਾਂ ਆਖਿਆ ਕਿ ਅਸੀਂ ਇਹ ਦੇਖਿਆ ਹੈ ਕਿ ਇੱਕੋ ਹਥਿਆਰ ਉਨਟਾਰੀਓ ਅਲਬਰਟਾ ਤੇ ਬ੍ਰਿਟਿਸ਼ ਕੋਲੰਬੀਆ ਵਿੱਚ ਵਾਰਦਾਤਾਂ ਨੂੰ ਅੰਜਾਮ ਦੇਣ ਵਾਸਤੇ ਵਰਤਿਆ ਗਿਆ ਇਸ ਲਈ ਇਹਨਾਂ ਹਥਿਆਰਾਂ ਨੂੰ ਲੱਭਣਾ ਜਾਂ ਬਰਾਮਦ ਕਰਨਾ ਕਾਫੀ ਚੁਨੌਤੀਪੂਰਨ ਹੈ। ਵਰਨਣਯੋਗ ਹੈ ਕਿ ਇਹ ਜੋ ਸੁਣਵਾਈ ਹੋ ਰਹੀ ਸੀ ਇਹ ਵਰਚੂਅਲੀ ਹੋ ਰਹੀ ਸੀ ਅਤੇ ਇਸ ਕਾਰਵਾਈ ਨੂੰ ਜਸ਼ਨਦੀਪ ਸਿੰਘ ਕੰਪਿਊਟਰ ਉੱਪਰ ਦੇਖ ਰਿਹਾ ਸੀ ਉਸਨੇ ਕਾਲੀ ਪੱਗ ਬੰਨੀ ਹੋਈ ਸੀ ਤੇ ਕਾਲੇ ਰੰਗ ਦੀ ਟੀ ਸ਼ਰਟ ਪਾਈ ਹੋਈ ਸੀ ਅਤੇ ਲੱਗ ਰਿਹਾ ਸੀ ਕਿ ਉਹ ਕਿਸੇ ਬੈਡਰੂਮ ਵਿੱਚ ਹੈ ਉਸਦੇ ਪਿੱਛੇ ਬੁਕ ਸੈਲਫ ਦੇ ਉੱਪਰ ਦੋ ਸਟਫਡ ਐਨੀਮਲ ਨਜ਼ਰ ਆ ਰਹੇ ਸਨ। ਉਸ ਦਾ ਨਾਮ ਉਸ ਵਕਤ ਸਾਹਮਣੇ ਆਇਆ ਸੀ ਜਦੋਂ ਅਰਸ਼ਦੀਪ ਸਿੰਘ ਨਾਮ ਦੇ ਭਾਰਤੀ ਨਾਗਰਿਕ ਨੂੰ ਫਿਰੌਤੀਆਂ ਦੇ ਮਾਮਲੇ ਵਿੱਚ ਡਿਪੋਰਟ ਕੀਤਾ ਗਿਆ ਸੀ । ਅਰਸ਼ਦੀਪ ਸਿੰਘ ਨੇ ਮੰਨਿਆ ਸੀ ਕਿ ਉਸਨੇ ਓਨਟਾਰੀਓ,ਐਲਬਰਟਾ ਅਤੇ ਬ੍ਰਿਟਿਸ਼ ਕੋਲੰਬੀਆ ਦੇ ਵਿੱਚ ਅੱਗਜਨੀ ਅਤੇ ਗੋਲੀਬਾਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਹੈ। ਇਸ ਤੋਂ ਇਲਾਵਾ ਸੁਖਨਾਜ ਸਿੰਘ ਸੰਧੂ ਨੂੰ ਵੀ ਇਹਨਾਂ ਮਾਮਲਿਆਂ ਵਿੱਚ ਡਿਪੋਰਟ ਕੀਤਾ ਗਿਆ ਸੀ ਕਿਉਂਕਿ ਫਿਰੌਤੀਆਂ ਮੰਗਣ ਵਾਲਿਆਂ ਨੂੰ ਡਿਪੋਰਟ ਕਰਨ ਦਾ ਮਕਸਦ ਇਸ ਨੈਟਵਰਕ ਨੂੰ ਤੋੜਨਾ ਦੱਸਿਆ ਜਾ ਰਿਹਾ ਹੈ। ਜਾਂਚ ਕਰਤਾ ਅਰਸ਼ਦੀਪ ਸਿੰਘ ਦੀ ਸੋਸ਼ਲ ਮੀਡੀਆ ਉੱਪਰ ਪਈਆਂ ਵੀਡੀਓ ਦੇ ਆਧਾਰ ਤੇ ਤਲਾਸ਼ ਕਰ ਰਹੇ ਸਨ ਜਿਸ ਵਿੱਚੋਂ ਗੁਲਾਬੀ ਰੰਗ ਦੇ ਦਸਤੇ ਵਾਲੀ ਪਿਸਤੌਲ ਦੇ ਨਾਲ ਪਿਛਲੇ ਸਾਲ ਅਗਸਤ ਵਿੱਚ ਐਡਮਿੰਟਨ ਦੀ ਇੱਕ ਗਰੇਵਲ ਰੋਡ ਦੇ ਉੱਪਰ ਗੋਲੀਬਾਰੀ ਕਰ ਰਿਹਾ ਸੀ ਜਿਸ ਤੋਂ ਬਾਅਦ ਜਦੋਂ ਪੁਲਿਸ ਅਧਿਕਾਰੀ ਉਸ ਗੋਲੀਬਾਰੀ ਵਾਲੇ ਥਾਂ ਤੇ ਪਹੁੰਚੇ ਤਾਂ ਉਹਨਾਂ ਨੂੰ ਜੋ ਗੋਲੀਆਂ ਦੇ ਖੋਲ ਨਜ਼ਰ ਆਏ ਸਨ ਉਸ ਦੇ ਨਾਲ ਮਿਲਦੀਆਂ ਜੁਲਦੀਆਂ ਗੋਲੀਆਂ ਸਰੀ ਵਿੱਚ ਕਮੇਡੀਅਨ ਕਪਿਲ ਸ਼ਰਮਾ ਦੇ ਕੈਪਸ ਕੈਫੇ ਉੱਪਰ ਚਲਾਈਆਂ ਗਈਆਂ ਸਨ। ਜਦੋਂ ਪੁਲਿਸ ਨੇ ਜਸ਼ਨਦੀਪ ਸਿੰਘ ਦੇ ਘਰ ਦੀ ਤਲਾਸ਼ੀ ਲਈ ਸੀ ਤੇ ਉਸਦੇ ਫੋਨ ਜਬਤ ਕੀਤੇ ਸਨ ਤਾਂ ਪੁਲਿਸ ਨੂੰ ਪਤਾ ਲੱਗਾ ਸੀ ਕਿ ਉਸਦੇ ਅਰਸ਼ਦੀਪ ਸਿੰਘ ਦੇ ਨਾਲ ਸਬੰਧ ਹਨ । ਜਿਸ ਘਰ ਵਿੱਚ ਜਸ਼ਨਦੀਪ ਸਿੰਘ ਰਹਿੰਦਾ ਸੀ ਉਥੋਂ ਦੀ ਇੱਕ ਵੀਡੀ- ਵੀ ਪੁਲਿਸ ਨੂੰ ਮਿਲੀ ਸੀ ਜਿਸ ਵਿੱਚ ਉਹ ਕਿਸੇ ਹੋਰ ਵਿਅਕਤੀ ਦੇ ਸਿਰ ਦੇ ਉੱਪਰ ਬੰਦੂਕ ਤਾਣ ਰਿਹਾ ਹੈ । ਪਰ ਪੁਲਿਸ ਇਹ ਹਥਿਆਰ ਕਦੇ ਵੀ ਬਰਾਮਦ ਨਹੀਂ ਕਰ ਸਕੀ ਕਿਉਂਕਿ ਪੁਲਿਸ ਦਾ ਮੰਨਣਾ ਹੈ ਕਿ ਅਰਸ਼ਦੀਪ ਸਿੰਘ ਨੇ ਇਹ ਹਥਿਆਰ ਜਸ਼ਨਦੀਪ ਸਿੰਘ ਨੂੰ ਦਿੱਤਾ ਅਤੇ ਪੁਲਿਸ ਦੇ ਛਾਪੇ ਤੋਂ ਪਹਿਲਾਂ ਹੀ ਜਸ਼ਨਦੀਪ ਸਿੰਘ ਨੇ ਇਹ ਹਥਿਆਰ ਕਿਸੇ ਸਾਥੀ ਲੜਕੀ ਨੂੰ ਦੇ ਦਿੱਤਾ ਸੀ। ਪੁਲਿਸ ਅਧਿਕਾਰੀ ਲੁਈਸ ਨੇ ਮੰਨਿਆ ਕਿ ਸੋਸ਼ਲ ਮੀਡੀਆ ਅਤੇ ਵੀਡੀ- ਸਬੂਤਾਂ ਦੇ ਆਧਾਰ ਤੇ ਬਾਕੀ ਸ਼ੱਕੀਆਂ ਦੇ ਨਾਲ ਉਸ ਤੇ ਸੰਬੰਧਾਂ ਦੇ ਬਾਵਜੂਦ ਜਸ਼ਨਦੀਪ ਸਿੰਘ ਦੀ ਸਿੱਧੇ ਤੌਰ ਤੇ ਕਿਸੇ ਤਰ੍ਹਾਂ ਦੀਆਂ ਫਿਰੌਤੀਆਂ ਤੇ ਗੋਲੀਬਾਰੀ ਵਿੱਚ ਸ਼ਮੂਲੀਅਤ ਸਬੰਧੀ ਕੋਈ ਸਬੂਤ ਨਹੀਂ ਮਿਲਿਆ ਇਸ ਕਰਕੇ ਜਸ਼ਨਦੀਪ ਸਿੰਘ ਉੱਪਰ ਅਜੇ ਕੋਈ ਚਾਰਜ ਨਹੀਂ ਲਗਾਇਆ ਗਿਆ। ਆਖਿਰ ਵਿੱਚ ਇਸ ਪੁਲਿਸ ਅਧਿਕਾਰੀ ਨੇ ਆਖਿਆ ਕਿ ਅਸੀਂ ਲਗਾਤਾਰ ਵੱਖ ਵੱਖ ਪੁਲਿਸ ਵਿਭਾਗਾਂ ਅਤੇ ਏਜੰਸੀਆਂ ਤੋਂ ਜਾਣਕਾਰੀ ਪ੍ਰਾਪਤ ਕਰ ਰਹੇ ਹਾਂ ਅਤੇ ਪੂਰੇ ਦੇਸ਼ ਵਿੱਚ ਇਹਨਾਂ ਮਾਮਲਿਆਂ ਦੀ ਜਾਂਚ ਜਾਰੀ ਹੈ।

# ਪ੍ਰਧਾਨ ਮੰਤਰੀ ਜੀ ਕਿਉਂ ਨਹੀਂ ਕਰਦੇ ਨੀਟ ਦੀ 'ਪ੍ਰੀਕਸ਼ਾ ਪੇ ਚਰਚਾ' ?

**ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ,**
**ਮੋ. 97816-46008**

ਬੀਤੇ ਕੁਝ ਵਰ੍ਹਿਆਂ ਤੋਂ ਮਾਣਯੋਗ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਦੇਸ਼ ਦੇ ਸਕੂਲਾਂ ਵਿਚ ਪੜ੍ਹਦੇ ਬੱਚੇ-ਬੱਚੀਆਂ ਨਾਲ 'ਪ੍ਰੀਕਸ਼ਾ ਪੇ ਚਰਚਾ' ਸਿਰਲੇਖ ਹੇਠ ਸੰਵਾਦ ਰਚਾ ਰਹੇ ਹਨ ਤੇ 'ਮਨ ਕੀ ਬਾਤ' ਰਾਹੀਂ ਇਕਤਰਫ਼ਾ ਢੰਗ ਨਾਲ ਆਪਣੇ ਜਜ਼ਬਾਤ ਦੇਸ਼ ਦੀ ਜਨਤਾ ਨਾਲ ਸਾਂਝੇ ਕਰ ਰਹੇ ਹਨ। ਦੇਸ਼ਵਾਸੀਆਂ ਨਾਲ ਜਾਂ ਦੇਸ਼ ਦੇ ਵਿਦਿਆਰਥੀਆਂ ਤੇ ਵਿਦਿਆਰਥਣਾਂ ਗੱਲਬਾਤ ਕਰਨਾ ਬੜੀ ਚੰਗੀ ਗੱਲ ਹੈ। ਦੇਸ਼ਵਾਸੀਆਂ ਨੂੰ ਇਹ ਪਤਾ ਲੱਗਣਾ ਚਾਹੀਦਾ ਹੈ ਕਿ ਉਨ੍ਹਾ ਦੁਆਰਾ ਚੁਣਿਆ ਪ੍ਰਧਾਨ ਮੰਤਰੀ ਦੇਸ਼ ਅਤੇ ਦੇਸ਼ਵਾਸੀਆਂ ਬਾਰੇ ਕੀ ਜਾਣਦਾ ਹੈ, ਕੀ ਸੋਚਦਾ ਹੈ ਤੇ ਕੀ ਕਰਨਾ ਚਾਹੁੰਦਾ ਹੈ ? ਪ੍ਰਧਾਨ ਮੰਤਰੀ ਸਾਹਿਬ ਦੀ ਉਕਤ ਕਾਰਜ ਪ੍ਰਣਾਲੀ ਵਿਚ ਇਕ ਵੱਡਾ ਨੁਕਸ ਹੈ ਕਿ ਉਹ ਆਪਣੇ 'ਮਨ ਕੀ ਬਾਤ' ਤਾਂ ਰੇਡੀਓ ਰਾਹੀਂ ਜਨਤਾ ਨਾਲ ਕਰ ਦਿੰਦੇ ਹਨ ਪਰ ਕਦੇ ਵੀ 'ਜਨਤਾ ਕੇ ਮਨ ਕੀ ਬਾਤ' ਜਾਂ ਦੇਸ਼ ਦੇ 'ਸੱਚੇ-ਸੁੱਚੇ ਪੱਤਰਕਾਰਾਂ ਅਤੇ ਸੰਪਾਦਕਾਂ ਦੇ ਮਨ ਕੀ ਬਾਤ' ਹਰਗਿਜ਼ ਨਹੀਂ ਸੁਣਦੇ ਹਨ। ਦੇਸ਼ ਵਿਚ ਹੋਈ ਤਾਜ਼ਾ 'ਨੀਟ ਦੀ ਪ੍ਰੀਕਸ਼ਾ ਪੇ ਚਰਚਾ' ਲਈ ਪ੍ਰਧਾਨ ਮੰਤਰੀ ਜੀ ਨੇ ਦੇਸ਼ ਦੇ ਸਮੂਹ ਪੀੜਿਤ ਵਿਦਿਆਰਥੀਆਂ ਨਾਲ ਸੰਵਾਦ ਰਚਾਉਣ ਅਤੇ ਹਮੇਸ਼ਾ ਦੀ ਤਰ੍ਹਾਂ ਵਿਦਿਅਕ ਮਾਮਲਿਆਂ ਬਾਰੇ ਆਪਣੇ 'ਵਿਦਵਤਾਪੂਰਨ ਵਿਚਾਰ' ਸਾਂਝੇ ਕਰਨ ਦਾ ਉਚੇਚਾ ਯਤਨ ਨਹੀਂ ਕੀਤਾ ਹੈ।

ਆਓ ਅਸੀਂ ਸਮੂਹ ਦੇਸ਼ਵਾਸੀ ਅੱਜ ਖ਼ੁਦ ਹੀ ਪੂਰੇ ਵਿਸਥਾਰ ਨਾਲ 'ਨੀਟ ਦੀ ਪ੍ਰੀਕਸ਼ਾ ਪੇ ਚਰਚਾ' ਕਰਦੇ ਹਾਂ। ਦਰਅਸਲ 'ਨੀਟ ਪੇਪਰ ਲੀਕ ਕਾਂਡ-2026' ਭਾਰਤੀ ਪ੍ਰੀਖਿਆ ਪ੍ਰਣਾਲੀ ਦੇ ਇਤਿਹਾਸ ਦਾ ਇਕ ਘੋਰ ਕਾਲਾ ਪੰਨਾ ਹੈ। 3 ਮਈ,2026 ਨੂੰ ਹੋਈ 'ਨੀਟ-2026' ਦੀ ਪ੍ਰੀਖਿਆ ਜੋ ਕਿ ਦੇਸ਼ ਦੀ ਸਭ ਤੋਂ ਵੱਡੀ ਟੈਸਟਿੰਗ ਏਜੰਸੀ 'ਐਨ.ਟੀ.ਏ.' ਭਾਵ 'ਨੈਸ਼ਨਲ ਟੈਸਟਿੰਗ ਏਜੰਸੀ' ਨੇ ਲਈ ਸੀ,ਦਾ ਅਸਲ ਪੇਪਰ ਦੇਸ਼ ਦੇ ਵੱਖ-ਵੱਖ ਭਾਗਾਂ ਵਿਚ ਲੀਕ ਹੋਣ ਦਾ ਮਾਮਲਾ ਸਾਹਮਣੇ ਆਉਣ ਕਰਕੇ ਰੱਦ ਕਰ ਦਿੱਤਾ ਗਿਆ ਸੀ ਤੇ ਹੁਣ 21 ਜੂਨ ਨੂੰ 'ਕੌਮਾਂਤਰੀ ਯੋਗਾ ਦਿਵਸ' ਮੌਕੇ ਮੈਡੀਕਲ ਵਿਸ਼ਿਆਂ ਦੇ ਵਿਦਿਆਰਥੀਆਂ ਦਾ 'ਸ਼ੀਰਸ ਆਸਨ' ਕਰਵਾਉਣ ਲਈ ਇਹ ਪ੍ਰੀਖਿਆ ਰੱਖ ਲਈ ਗਈ ਹੈ। ਇਸ ਹੋਣ ਵਾਲੀ ਪ੍ਰੀਖਿਆ ਦਾ ਸਭ ਤੋਂ ਮਹੱਤਵਪੂਰਨ ਅਤੇ ਸ਼ਰਮਨਾਕ ਪਹਿਲੂ ਇਹ ਹੈ ਕਿ ਇਸ ਪ੍ਰੀਖਿਆ ਨੂੰ ਕਰਵਾਉਣ ਲਈ ਦੇਸ਼ ਦੇ ਨਾਕਾਬਿਲ ਸਿੱਖਿਆ ਮੰਤਰੀ ਸ੍ਰੀ ਧਰਮਿੰਦਰ ਪ੍ਰਧਾਨ ਦੀ ਥਾਂ ਖ਼ੁਦ ਪ੍ਰਧਾਨ ਮੰਤਰੀ ਅਤੇ ਦੇਸ਼ ਦੇ ਰੱਖਿਆ ਮੰਤਰੀ ਸਾਹਿਬ ਨੇ ਕਮਾਨ ਆਪਣੇ ਹੱਥ ਵਿਚ ਲਈ ਹੈ। ਕਿੰਨੀ ਸ਼ਰਮਿੰਦਗੀ ਭਰੀ ਗੱਲ ਹੈ ਕਿ ਦੇਸ਼ ਦੀ ਸਮੁੱਚੀ ਪੁਲਿਸ ਨੂੰ ਸੁਚਾਰੂ ਢੰਗ ਨਾਲ ਪ੍ਰੀਖਿਆ ਕਰਾਉਣ ਸਬੰਧੀ ਨਕਾਰਾ ਕਰਾਰ ਦਿੰਦਿਆਂ ਹੋਇਆਂ ਭਾਰਤੀ 'ਹਵਾਈ ਸੈਨਾ' ਨੂੰ ਬੁਲਾਇਆ ਗਿਆ ਹੈ। ਦੇਸ਼ ਦੇ ਇਤਿਹਾਸ ਵਿਚ ਪਹਿਲੀ ਵਾਰ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਦੀ ਥਾਂ ਭਾਰਤੀ ਹਵਾਈ ਸੈਨਾ ਨੂੰ ਦੇਸ਼ ਦੀ 'ਪ੍ਰੀਖਿਆ ਪ੍ਰਣਾਲੀ ਦੀ ਰਾਖੀ' ਲਈ 'ਜ਼ਮੀਨ 'ਤੇ ਉਤਾਰਿਆ' ਜਾ ਰਿਹਾ ਹੈ।

ਮਾਣਯੋਗ ਪ੍ਰਧਾਨ ਮੰਤਰੀ ਸਾਹਿਬ ਦੇ ਸੋਸ਼ਲ ਮੀਡੀਆ 'ਤੇ ਅਜਿਹੇ ਅਨੇਕਾਂ ਵੀਡੀਓ ਉਪਲਬਧ ਹਨ ਜਿਨ੍ਹਾ ਵਿਚ ਉਹ ਦੂਜੀਆਂ ਸਿਆਸੀ ਪਾਰਟੀਆਂ ਦੀਆਂ ਸਰਕਾਰਾਂ ਵੇਲੇ ਹੋਣ ਨਹੀਂ ਸਨ ਕਿ ਦੇਸ਼ ਦੀ ਸਕੂਲੀ ਸਿੱਖਿਆ ਦੀ ਸਰਬਉੱਚ ਸੰਸਥਾ 'ਸੀ.ਬੀ.ਐਸ.ਈ.' ਨੇ ਵੀ ਬੋਰਡ ਪ੍ਰੀਖਿਆਵਾਂ ਦੇ 'ਆਨਲਾਈਨ ਜਾਂ ਡਿਜੀਟਲ ਮੁਲਾਂਕਣ' ਦਾ ਐਸਾ ਕੁਚੱਜਾ ਪ੍ਰਬੰਧ ਪੇਸ਼ ਕੀਤਾ ਕਿ ਵਿਦਿਆਰਥੀਆਂ ਵਿਚ ਹਾਹਾਕਾਰ ਮਚ ਗਈ। ਹਜ਼ਾਰਾਂ ਦੀ ਸੰਖਿਆ ਵਿਚ ਵਿਦਿਆਰਥੀਆਂ ਨੇ 'ਮੁੜ-ਮੁਲਾਂਕਣ' ਭਰਦਿਆਂ ਹੋਇਆਂ ਇਹ ਦਾਅਵੇ ਕੀਤੇ ਹਨ ਕਿ ਉਨ੍ਹਾ ਦੀਆਂ ਉੱਤਰ ਪੱਤਰੀਆਂ ਦੇ ਮੁਲਾਂਕਣ ਵੇਲੇ ਵੱਡੀਆਂ ਤੇ ਗੰਭੀਰ ਗੜਬੜੀਆਂ ਕੀਤੀਆਂ ਗਈਆਂ ਹਨ ਜਿਨ੍ਹਾ ਕਰਕੇ ਉਨ੍ਹਾ ਦੀ ਅੰਕ ਪ੍ਰਤੀਸ਼ਤਤਾ ਗੜਬੜਾ ਗਈ ਹੈ ਤੇ ਅੰਕ ਪ੍ਰਤੀਸ਼ਤਾ ਘੱਟ ਵਿਖਾਏ ਜਾਣ ਕਰਕੇ ਉਹ ਨੇੜਲੇ ਸਮੇਂ ਵਿਚ ਹੋਣ ਵਾਲੀਆਂ ਕਈ 'ਮੁਕਾਬਲਾ ਪ੍ਰੀਖਿਆਵਾਂ' ਵਿਚ ਭਾਗ ਲੈਣ ਤੋਂ ਵਾਂਝੇ ਹੋ ਗਏ ਹਨ।




ਵਾਲੇ 'ਪੇਪਰ ਲੀਕ' ਮਾਮਲਿਆਂ ਦੀ ਖਿੱਲ੍ਹੀ ਉਡਾਉਂਦੇ ਸੁਣੇ ਤੇ ਵੇਖੇ ਜਾ ਸਕਦੇ ਹਨ ਪਰ ਹੁਣ ਉਹ ਜਨਤਾ ਨੂੰ ਇਹ ਦੱਸਣਾ ਭੁੱਲ ਗਏ ਹਨ ਕਿ ਉਨ੍ਹਾ ਦੇ ਆਪਣੇ ਸ਼ਾਸ਼ਨ ਕਾਲ ਦੌਰਾਨ ਦੇਸ਼ ਦੇ ਵੱਖ-ਵੱਖ ਸੂਬਿਆਂ ਵਿਚ ਹੁਣ ਤੱਕ 89 ਪੇਪਰ ਲੀਕ ਹੋ ਚੁੱਕੇ ਹਨ ਤੇ 'ਨੀਟ ਪ੍ਰੀਖਿਆ-2026' ਦਾ ਪੇਪਰ ਤਾਂ ਅਸਲ ਪ੍ਰੀਖਿਆ ਦੇ ਦਿਨ ਤੋਂ ਕਈ ਦਿਨ ਪਹਿਲਾਂ ਦੇਸ਼ ਦੇ ਵੱਖ-ਵੱਖ ਸੂਬਿਆਂ ਦੀਆਂ ਗਲੀਆਂ ਤੇ ਬਾਜ਼ਾਰਾਂ ਵਿਚ ਉਪਲਬਧ ਹੋ ਚੁੱਕਾ ਸੀ। ਇਹ ਪੇਪਰ ਲੀਕ ਕਾਂਡ ਰਾਹੀਂ ਕਰੋੜਾਂ ਰੁਪਏ ਦਾ 'ਲੈਣ-ਦੇਣ' ਦੇਸ਼ ਦੇ ਲੱਖਾਂ ਮਿਹਨਤੀ ਬੱਚਿਆਂ ਦੇ ਭਵਿੱਖ ਨਾਲ ਦਿਨ-ਦਿਹਾੜੇ 'ਖੇਲਾ' ਕਰ ਗਿਆ ਸੀ। ਨਿਕੰਮੀ ਸਰਕਾਰ ਦਾ ਨਕਾਰਾ ਪ੍ਰੀਖਿਆ ਪ੍ਰਬੰਧ ਕਈ ਮਹੀਨਿਆਂ ਤੋਂ ਦਿਨ ਰਾਤ ਇਕ ਕਰਕੇ ਕਰੜੀ ਮਿਹਨਤ ਕਰਨ ਵਾਲੇ ਵਿਦਿਆਰਥੀਆਂ ਨੂੰ ਖ਼ੂਨ ਦੇ ਹੰਝੂ ਰੁਆ ਗਿਆ ਹੈ। ਇਨ੍ਹਾ ਪੀੜਿਤ ਵਿਦਿਆਰਥੀਆਂ ਦੇ ਹੰਝੂ ਅਜੇ ਸੁੱਕੇ ਵੀ

ਨੀਟ ਪ੍ਰੀਖਿਆ-2026 ਦੇ ਪੇਪਰ ਦੇ ਲੀਕ ਹੋਣ ਦਾ ਮਾਮਲਾ ਕੋਈ ਸਧਾਰਨ ਲੀਕ ਮਾਮਲਾ ਨਹੀਂ ਹੈ। ਇਹ ਮਾਮਲਾ ਦੇਸ਼ ਦੇ ਹਰ ਹਿੱਸੇ ਵਿਚ ਫ਼ੈਲੇ 'ਕੋਚਿੰਗ ਮਾਫ਼ੀਆ' ਦੀ ਕਾਰਸਤਾਨੀ ਹੈ ਜੋ ਹਰ ਸਾਲ ਚੱਲਦੀ ਆਈ ਹੈ। ਇਸ ਵਾਰ ਕੁਝ ਜ਼ਿਆਦਾ ਹੀ ਬੇਬਾਕੀ ਅਤੇ ਅਸਾਵਧਾਨੀ ਵਰਤੇ ਜਾਣ ਕਾਰਨ ਅਸਲ ਪ੍ਰੀਖਿਆ ਹੋਣ ਤੋਂ ਪਹਿਲਾਂ ਹੀ ਸਬੰਧਿਤ ਪੇਪਰ ਅਸੰਖਾਂ ਹੱਥਾਂ ਵਿਚ ਚਲਾ ਗਿਆ ਤੇ ਸਾਰੀ 'ਖੇਡ ਖ਼ਰਾਬ' ਹੋ ਗਈ । ਅਖ਼ੀਰ ਬੇਵੱਸ ਹੋ ਕੇ ਸਰਕਾਰ ਨੂੰ ਪੇਪਰ ਰੱਦ ਕਰਨਾ ਪੈ ਗਿਆ । ਇਸ ਪੇਪਰ ਲੀਕ ਮਾਮਲੇ ਵਿਚ ਸੀ.ਬੀ.ਆਈ. ਨੇ ਹੁਣ ਤੱਕ ਜਿਨ੍ਹਾ 'ਕੋਚਿੰਗ ਅਧਿਆਪਕਾਂ' ਜਾਂ 'ਸਾਬਕਾ ਪੇਪਰ ਸੈਟਰਾਂ' ਨੂੰ ਗ੍ਰਿਫ਼ਤਾਰ ਕੀਤਾ ਹੈ,ਉਹ ਇਸ ਪੂਰੇ 'ਗੰਦੇ ਤਲਾਬ' ਦੀਆਂ 'ਛੋਟੀਆਂ ਮੱਛੀਆਂ' ਹਨ ਜਦੋਂ ਕਿ ਕੋਚਿੰਗ ਅਤੇ ਪੇਪਰ ਮਾਫ਼ੀਆ ਦੀਆਂ 'ਵੱਡੀਆਂ ਮੱਛੀਆਂ' ਅਤੇ 'ਮਗਰਮੱਛ' ਅਜੇ ਜਾਂਚ ਏਜੰਸੀ ਦੀ ਪਕੜ ਤੋਂ ਬਾਹਰ ਹਨ। ਬੜੀ ਸਧਾਰਨ ਜਿਹੀ ਗੱਲ ਹੈ ਕਿ ਅਸਲ ਪੇਪਰ ਤਾਂ 'ਐਨ.ਟੀ.ਏ.' ਦੇ ਦਫ਼ਤਰ ਤੋਂ ਚੱਲਿਆ ਸੀ ਤੇ ਅਜੇ ਤੱਕ ਉਕਤ ਸੰਗਠਨ ਦੇ ਕਿਸੇ ਵੀ ਵੱਡੇ ਅਧਿਕਾਰੀ ਦੀ ਗ੍ਰਿਫ਼ਤਾਰੀ ਨਹੀਂ ਹੋਈ ਹੈ ਤੇ ਨਾ ਹੀ ਇਸ ਲੀਕ ਮਾਮਲੇ ਵਿਚ ਪ੍ਰੀਖਿਆ ਸੰਗਠਨ ਦੇ ਕਿਸੇ ਉੱਚ-ਅਧਿਕਾਰੀ ਦੀ ਜ਼ਿੰਮੇਵਾਰੀ ਤੈਅ ਕੀਤੀ ਗਈ ਹੈ। ਦੇਸ਼ ਦੇ ਕੁੱਲ 22,05,035 ਵਿਦਿਆਰਥੀਆਂ ਵੱਲੋਂ ਦਿੱਤੀ ਗਈ ਇਸ ਪ੍ਰੀਖਿਆ ਦਾ ਰੱਦ ਹੋਣਾ,ਇਸ ਪ੍ਰੀਖਿਆ ਵਿਚ ਉਚੇਰੇ ਰੈਂਕ ਹਾਸਿਲ ਕਰਨ ਵਾਲੇ ਤੇ ਐਮ.ਬੀ.ਬੀ.ਐਸ. ਦੀ ਸੀਟ ਨਿਸ਼ਚਿਤ ਤੌਰ 'ਤੇ ਹਾਸਿਲ ਕਰਨ ਜੋਗੇ ਅੰਕ ਹਾਸਿਲ ਕਰ ਲੈਣ ਵਾਲੇ ਕਈ ਹੋਣਹਾਰ ਵਿਦਿਆਰਥੀਆਂ ਨਾਲ ਸਰਾਸਰ ਬੇਇਨਸਾਫ਼ੀ ਕਰ ਗਿਆ ਹੈ। ਕਸੂਰ ਕਿਸੇ ਹੋਰ ਦਾ ਹੈ ਤੇ ਸਜ਼ਾ ਕਿਸੇ ਹੋਰ ਨੂੰ ਮਿਲੀ ਹੈ। ਦੇਸ਼ ਦੇ ਸਿੱਖਿਆ ਮੰਤਰੀ ਅਤੇ ਐਨ.ਟੀ.ਏ. ਦੇ ਉੱਚ-ਅਧਿਕਾਰੀਆਂ ਤੋਂ ਹੁਣ ਤੱਕ ਅਸਤੀਫ਼ੇ ਲੈ ਲਏ ਜਾਣੇ ਚਾਹੀਦੇ ਸਨ ਪਰ ਹੁਣ ਤੱਕ ਕੀਤੀ ਗਈ ਕਾਰਵਾਈ 'ਗੋਂਗਲੂਆਂ ਤੋਂ ਮਿੱਟੀ ਝਾੜਨ' ਤੋਂ ਵੱਧ ਨਜ਼ਰ ਨਹੀਂ ਆ ਰਹੀ ਹੈ।

ਸੀ.ਬੀ.ਐਸ.ਈ. ਨੇ ਬੋਰਡ ਪ੍ਰੀਖਿਆਵਾਂ ਦੇ ਡਿਜੀਟਲ ਜਾਂ ਆਨਲਾਈਨ ਮੁਲਾਂਕਣ ਨੂੰ ਛੋਟੇ ਪੱਧਰ 'ਤੇ ਸ਼ੁਰੂ ਕਰਕੇ ਤਜਰਬਾ ਕਰਨ ਦੀ ਥਾਂ ਪੂਰੇ ਦੇਸ਼ ਦੇ ਵਿਦਿਆਰਥੀਆਂ ਦੀਆਂ ਉੱਤਰ-ਪੱਤਰੀਆਂ ਨੂੰ ਜਾਂਚਣ ਦਾ ਤਜਰਬਾ ਕਰਕੇ ਸਭ ਦਾ ਭਵਿੱਖ ਹੀ ਦਾਅ 'ਤੇ ਲਗਾ ਦਿੱਤਾ। ਪੰਜਾਬ ਸਰਕਾਰ ਦੇ ਸਕੂਲ ਸਿੱਖਿਆ ਵਿਭਾਗ ਨੇ ਵੀ ਮਾਰਚ-2026 ਵਿਚ ਲਈ ਗਈ ਦਸਵੀਂ ਜਮਾਤ ਦੀ ਬੋਰਡ ਪ੍ਰੀਖਿਆ ਦਾ 'ਸਮਾਜਿਕ ਵਿਗਿਆਨ' ਦਾ ਪੇਪਰ ਤਜਰਬਾ ਆਧਾਰ 'ਤੇ ਆਨਲਾਈਨ ਮੁਲਾਂਕਿਤ ਕਰਵਾਇਆ ਹੈ ਪਰ ਕਿਸੇ ਕਿਸਮ ਦਾ ਰੌਲ਼ਾ ਨਾ ਪੈਣ ਕਰਕੇ ਸਭ ਕੁਝ 'ਠੀਕ ਠਾਕ' ਮੰਨ ਲਿਆ ਗਿਆ ਹੈ ਪਰ ਆਸ ਕੀਤੀ ਜਾ ਰਹੀ ਹੈ ਕਿ ਸੀ.ਬੀ.ਐਸ.ਈ. ਵੱਲੋਂ ਸਾਰੇ ਵਿਸ਼ਿਆਂ ਦੀਆਂ ਉੱਤਰ ਪੱਤਰੀਆਂ ਦੇ ਕਰਵਾਏ ਗਏ ਆਨਲਾਈਨ ਮੁਲਾਂਕਣ ਵਿਚ ਹੋਈਆਂ ਵੱਡੀਆਂ ਗੜਬੜੀਆਂ ਅਤੇ ਪੈ ਚੁੱਕੇ ਵੱਡੇ ਖਲਾਰੇ ਦੇ ਆਧਾਰ 'ਤੇ ਪੰਜਾਬ ਸਕੂਲ ਸਿੱਖਿਆ ਬੋਰਡ ਅਗਲੀ ਵਾਰ ਇਸ ਤਜਰਬੇ ਨੂੰ ਜਾਰੀ ਰੱਖਣ ਤੋਂ ਗੁਰੇਜ਼ ਹੀ ਕਰੇਗਾ।

ਸੋ ਮੁੱਕਦੀ ਗੱਲ ਇਹ ਹੈ ਕਿ ਕੇਂਦਰ ਸਰਕਾਰ ਦੇ ਸਿੱਖਿਆ ਵਿਭਾਗ ਦੀ ਪ੍ਰੀਖਿਆ ਪ੍ਰਣਾਲੀ ਵਿਚ ਵਿਆਪਕ ਸੁਧਾਰਾਂ ਲਈ ਪ੍ਰਧਾਨ ਮੰਤਰੀ ਸਾਹਿਬ ਨੂੰ ਦੇਸ਼ ਦੇ ਉੱਘੇ ਸਿੱਖਿਆ ਸ਼ਾਸ਼ਤਰੀਆਂ ਨਾਲ ਸੰਵਾਦ ਕਰਕੇ ਤੇ ਉਨ੍ਹਾ ਦੇ 'ਮਨ ਕੀ ਬਾਤ' ਸੁਣ ਕੇ ਸਿੱਖਿਆ ਅਤੇ ਪ੍ਰੀਖਿਆ ਪ੍ਰਣਾਲੀ ਵਿਚ ਲੋੜੀਂਦੇ ਸੁਧਾਰ ਕਰਨੇ ਚਾਹੀਦੇ ਹਨ। ਅਜਿਹਾ ਕਰਨ ਨਾਲ ਹੀ 'ਪ੍ਰੀਕਸ਼ਾ ਪੇ ਚਰਚਾ' ਦਾ ਅਸਲ ਮਨੋਰਥ ਪੂਰਾ ਹੋ ਸਕਦਾ ਹੈ।


ਗੱਲ ਤਾਂ ਪਰਦੇ ਦੀ ਹੀ ਹੈ !
TWC
TIMELESS WINDOW COVERINGS
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ !
ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਕਾਲ: 403 953 1000
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
E Mail: Contact@twcoverings.com
Web: www.twcoverings.com
Timelesswindowcoverings